
S T & A
Simpson, Thomas & Associates
TRIAL LAWYERS
CELEBRATING 50 YEARS
"The name that you know and trust"
"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy
B.C.'s Pioneering Law Firm for Motor Vehicle Cases
For over 50 years Simpson, Thomas & Associates (formerly Simpson & Company) have been advocates for victims seeking justice.
A+ Rated
BBB. ACCREDITED BUSINESS
"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon
Our history of successfully settling ICBC claims has garnered respect from our clients, and within the legal and rehabilitation communities in B.C.
Brain Injury
Paraplegia
Quadriplegia
Spinal Cord Injury
Translation Services Available
STA has support staff fluent in Punjabi, Hindi and Gujarati.
Your Needs Come First
If mobility is a challenge, we can come to you.
Adam Ueland
LAWYER
Call Adam on 604-689-8888 to set up a complimentary consultation or visit our website at simpsonthomas.com
We have offices in Vancouver, Surrey/Delta, Abbotsford* and Burnaby.*
*By appointment only
Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰ੍ਹਾਂ ਦੇ ਫਾਰਮ ਭਰਵਾਓ
#114-8028 128 St
(Little India Plaza)
Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 09 ISSUE : 10 SATURDAY, 06 MARCH, 2021
www.punjablinkpaper.com 604-503-5465

Harbir Kaur Deol
Notary Public
- Statutory Declarations
- Travel Consent Letters
- Power of Attorney
- Invitation Letters
- Sales & Purchase
- Family Transfer
- Wills & Estate
- Refinancing
- Affidavits
604.503.3060
#110 - 13049 76th Ave., Surrey
BC Notaries info@deolnotary.com

## ਹਾਈ ਕੋਰਟ ਵੱਲੋਂ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਦੀ ਗ੍ਰਿਫ਼ਤਾਰੀ 'ਤੇ ਰੋਕ

ਫ਼ਰੀਦਕੋਟ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਪੰਜਾਬ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਦੀ ਗ੍ਰਿਫ਼ਤਾਰੀ 'ਤੇ ਰੋਕ ਲਾਉਂਦਿਆਂ ਉਨ੍ਹਾਂ ਨੂੰ ਹੇਠਲੀ ਅਦਾਲਤ ਵਿੱਚ ਪੇਸ਼ ਹੋਣ ਦੇ ਹੁਕਮ ਦਿੱਤੇ ਹਨ। ਇਸੇ ਸਾਲ 18 ਜਨਵਰੀ ਨੂੰ ਵਿਸ਼ੇਸ਼ ਜਾਂਚ ਟੀਮ ਨੇ ਸੁਮੇਧ ਸੈਣੀ ਨੂੰ ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਸੀ ਅਤੇ ਉਸ ਖ਼ਿਲਾਫ਼ ਇਲਾਕਾ ਮੈਜਿਸਟ੍ਰੇਟ ਏਕਤਾ ਉੱਪਲ ਦੀ ਅਦਾਲਤ ਵਿੱਚ ਚਲਾਨ ਪੇਸ਼ ਕੀਤਾ ਸੀ।



ਫ਼ਰੀਦਕੋਟ ਦੀ ਅਦਾਲਤ ਨੇ ਉਨ੍ਹਾਂ ਨੂੰ ਪੇਸ਼ ਹੋਣ ਦੇ ਹੁਕਮ ਦਿੱਤੇ ਸਨ। ਇਸ ਮਾਮਲੇ ਵਿੱਚ ਉਨ੍ਹਾਂ ਨੇ ਪਹਿਲਾਂ ਸੈਸ਼ਨ ਜੱਜ ਫ਼ਰੀਦਕੋਟ ਦੀ ਅਦਾਲਤ ਵਿੱਚ ਅਗਾਊਂ ਜ਼ਮਾਨਤ ਮੰਗੀ ਸੀ, ਜੋ ਦੋ ਦਿਨ ਪਹਿਲਾਂ ਰੱਦ ਹੋ ਗਈ ਸੀ। ਮਗਰੋਂ ਸੁਮੇਧ ਸੈਣੀ ਨੇ ਅਗਾਊਂ ਜ਼ਮਾਨਤ ਲੈਣ ਲਈ ਹਾਈ ਕੋਰਟ ਤਕ ਪਹੁੰਚ ਕੀਤੀ। ਅੱਜ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਸਾਬਕਾ ਡੀਜੀਪੀ ਦੀ ਗ੍ਰਿਫ਼ਤਾਰੀ 'ਤੇ ਰੋਕ ਲਾ ਦਿੱਤੀ ਹੈ। ਸੁਮੇਧ ਸੈਣੀ 8 ਮਾਰਚ ਨੂੰ ਫ਼ਰੀਦਕੋਟ ਦੀ ਅਦਾਲਤ ਵਿੱਚ ਨਿੱਜੀ ਤੌਰ 'ਤੇ ਪੇਸ਼ ਹੋਣਗੇ।

## ਮਜ਼ਦੂਰ ਆਗੂ ਸ਼ਿਵ ਕੁਮਾਰ ਸੋਨੀਪਤ ਜੇਲ੍ਹ 'ਚੋਂ ਜ਼ਮਾਨਤ 'ਤੇ ਰਿਹਾਅ

ਨਵੀਂ ਦਿੱਲੀ-ਮਜ਼ਦੂਰ ਅਧਿਕਾਰ ਸੰਗਠਨ ਦਾ ਕਾਰਕੁਨ ਸ਼ਿਵ ਕੁਮਾਰ ਸੋਨੀਪਤ ਦੀ ਜੇਲ੍ਹ ਵਿੱਚੋਂ ਜ਼ਮਾਨਤ 'ਤੇ ਰਿਹਾਅ ਹੋ ਗਿਆ ਹੈ। ਉਸ ਦੀ ਤੀਜੇ ਮਾਮਲੇ ਵਿੱਚ ਵੀ ਜ਼ਮਾਨਤ ਮਨਜ਼ੂਰ ਹੋਣ ਮਗਰੋਂ ਇਹ ਰਿਹਾਈ ਸੰਭਵ ਹੋ ਸਕੀ। ਉਸ ਨੂੰ ਕੁੰਡਲੀ ਇਲਾਕੇ ਵਿੱਚ ਮਜ਼ਦੂਰਾਂ ਦੇ ਹੱਕਾਂ 'ਚ ਆਵਾਜ਼ ਉਠਾਉਣ ਦੌਰਾਨ ਇਕ ਸਥਾਨਕ ਕੰਪਨੀ ਦੇ ਲੋਕਾਂ ਨਾਲ ਕਥਿਤ ਕੁੱਟਮਾਰ ਦੇ ਮਾਮਲੇ ਵਿੱਚ ਮਜ਼ਦੂਰ ਕਾਰਕੁਨ ਨੌਦੀਪ ਕੌਰ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਦੋਵਾਂ ਖ਼ਿਲਾਫ਼ ਧਾਰਾ 307 ਸਮੇਤ ਹੋਰ ਗੰਭੀਰ ਧਾਰਾਵਾਂ ਤਹਿਤ ਸੋਨੀਪਤ ਪੁਲੀਸ ਨੇ ਕੇਸ ਦਰਜ ਕੀਤਾ ਸੀ। ਸੰਯੁਕਤ ਕਿਸਾਨ ਮੋਰਚੇ ਦੇ ਲੀਗਲ ਸੈੱਲ ਦੇ ਕਨਵੀਨਰ ਵਕੀਲ ਪ੍ਰੇਮ ਸਿੰਘ ਭੰਗੂ ਨੇ ਦੱਸਿਆ ਕਿ ਆਰਐੱਸ ਚੀਮਾ ਦੀ ਅਗਵਾਈ ਵਾਲੇ ਪੈਨਲ ਵੱਲੋਂ ਨੌਦੀਪ ਕੌਰ ਤੇ ਸ਼ਿਵ ਕੁਮਾਰ ਦੇ ਪੈਰਵੀ ਕੀਤੀ ਗਈ ਅਤੇ ਸ਼ਿਵ ਕੁਮਾਰ ਨੂੰ ਹੁਣ ਉਸ ਤੀਜੇ ਮਾਮਲੇ ਵਿੱਚੋਂ ਵੀ ਜ਼ਮਾਨਤ ਮਿਲ ਚੁੱਕੀ ਹੈ। ਨੌਦੀਪ ਕੌਰ ਨੇ ਸੋਨੀਪਤ ਪੁਲੀਸ 'ਤੇ ਉਸ ਅਤੇ ਸ਼ਿਵ ਕੁਮਾਰ ਉਪਰ ਅਣਮਨੁੱਖੀ ਤਸ਼ੱਦਦ ਕਰਨ ਦਾ ਕਥਿਤ ਦੋਸ਼ ਲਾਇਆ ਗਿਆ ਸੀ ਤੇ ਕਿਹਾ ਸੀ ਕਿ ਉਸ ਦੀਆਂ ਹੱਡੀਆਂ ਤੋੜ ਦਿੱਤੀਆਂ ਗਈਆਂ ਤੇ ਐਨਕਾਂ ਵੀ ਨਹੀਂ ਸੀ ਦਿੱਤੀਆਂ।



## ਅਕਾਲੀ ਦਲ ਵੱਲੋਂ ਕੈਪਟਨ ਸਰਕਾਰ ਖਿਲਾਫ ਸੂਬਾ ਪੱਧਰੀ ਸੰਘਰਸ਼ 8 ਤੋਂ

ਲੰਬੀ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 8 ਮਾਰਚ ਦੇ ਸੂਬਾ ਪੱਧਰੀ ਸੰਘਰਸ਼ ਦੀ ਤਿਆਰੀ ਸਬੰਧੀ ਪਿੰਡ ਬਾਦਲ 'ਚ ਆਪਣੀ ਰਿਹਾਇਸ਼ 'ਤੇ ਜਲਾਲਾਬਾਦ ਅਤੇ ਅਰਨੀਵਾਲਾ ਦੇ ਵਰਕਰਾਂ ਅਤੇ ਆਗੂਆਂ ਨਾਲ ਮੀਟਿੰਗ ਕੀਤੀ। ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਤੇਜਿੰਦਰ ਸਿੰਘ ਮਿੱਡੂਖੇੜਾ ਨੇ ਕਿਹਾ ਕਿ 8 ਮਾਰਚ ਨੂੰ ਸੁਖਬੀਰ



ਸਿੰਘ ਬਾਦਲ ਲੰਬੀ ਵਿੱਚ ਰੋਸ ਧਰਨੇ ਦੀ ਅਗਵਾਈ ਕਰਨਗੇ। ਸੁਖਬੀਰ ਬਾਦਲ ਨੇ ਕਾਂਗਰਸੀ ਅਹੁਦੇਦਾਰਾਂ ਵੱਲੋਂ ਸਿਆਸੀ ਰੰਜਿਸ਼ ਤਹਿਤ ਅਕਾਲੀ ਵਰਕਰਾਂ ਨਾਲ ਧੱਕੇਸ਼ਾਹੀਆਂ ਦੀ ਨਿਖੇਧੀ ਕਰਦਿਆਂ ਅਕਾਲੀ ਵਰਕਰਾਂ ਨੂੰ ਧੱਕੇਸ਼ਾਹੀ ਦਾ ਜਵਾਬ ਲੋਕਤੰਤਰੀ ਢੰਗ ਨਾਲ ਦੇਣ ਲਈ 2022 'ਚ ਅਕਾਲੀ ਸਰਕਾਰ ਬਣਾਉਣ *(ਬਾਕੀ ਸਫ਼ਾ 5 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 WAGES:$24-$28 PER HOUR
HEALTH CARE ASSISTANT $5250 WAGES:$17-$26.50 PER HOUR
PHARMACY ASSISTANT $5500 WAGES:$19.61-$27.30 PER HOUR
CERTIFIED DENTAL ASSISTANT $14,000 WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey Unit 201-8318 120 St.
Abbotsford Unit 201-3670 Townline Rd.
South Surrey Unit 204-15850 24 Ave

UTTAM PAINTING CO.
Residential & Commercial
- Spray Paint
- Stucco Paint
- Roller & Brush
- New & Old House
- Interior & Exterior
- Polly & Sponge Paint
25 Years of Experience
Efficient Work ◆ Fast Service
Reasonable Rates
Rajinder Aulakh (Raj)
778.891.9473
amaritaulakh2008@yahoo.ca

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
- ਕਾਰ • ਟਰੱਕ
- ਆਟੋਮੈਟਿਕ ਟਰੱਕ
- ਮੋਟਰਸਾਇਕਲ
- ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
- Property Purchase Sales/Mortgage
- Power of Attorney
- Wills • Affidavits
- Visitation Letters
- Statutory Declarations
BC Notaries
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਸਰੀ ਦੇ ਪੰਜ ਸਕੂਲਾਂ ਵਿਚ ਵੈਂਰੀਐਂਟ ਕੋਵਿਡ ਕੇਸ ਮਿਲੇ

ਸਰੀ-ਵੁੱਡਵਾਰਡ ਹਿਲ ਐਲੀਮੈਂਟਰੀ, ਏਜੇ ਮੈਕਲੇਲਨ ਐਲੀਮੈਂਟਰੀ, ਨੌਰਥ ਸਰੀ ਸੈਕੰਡਰੀ, ਫਰੌਸਟ ਰੋਡ ਐਲੀਮੈਂਟਰੀ ਤੇ ਪ੍ਰਿੰਸਸ ਮਾਰਗਰੇਟ ਸੈਕੰਡਰੀ ਸਕੂਲਾਂ ਦੇ ਵਿਦਿਆਰਥੀਆਂ ਤੇ ਸਟਾਫ ਨੂੰ ਸੋਮਵਾਰ ਰਾਤ ਐਕਸਪੋਜ਼ਰ ਨੋਟਿਸ ਭੇਜੇ ਗਏ ਹਨ। ਸਰੀ ਸਕੂਲ ਡਿਸਟ੍ਰਿਕਟ ਦਾ ਕਹਿਣਾ ਕਿ ਖੇਤਰ ਦੇ ਪੰਜ ਸਕੂਲਾਂ ਵਿਚ ਲੋਕਾਂ ਦੇ ਕੋਵਿਡ-19 ਵੈਰੀਐਂਟ ਦੇ ਟੈਸਟ ਪਾਜੇਟਿਵ ਆਏ ਹਨ। ਸਰੀ ਸਕੂਲਜ ਦੇ ਸੁਪਰਡੈਂਟ ਜੋਰਡਨ ਟਿਨੇ ਨੇ ਟਵਿੱਟਰ 'ਤੇ ਕਿਹਾ ਕਿ ਉਪਰੋਕਤ ਪੰਜ ਸਕੂਲਾਂ ਦੇ ਵਿਦਿਆਰਥੀਆਂ ਤੇ ਸਟਾਫ ਨੂੰ ਐਕਸਪੋਜਰ ਨੋਟਿਸ ਭੇਜੇ ਗਏ ਹਨ। ਸਕੂਲ ਖੁਲ੍ਹੇ ਰਹਿਣਗੇ ਪਰ ਫਰੇਜ਼ਰ ਹੈਲਥ ਨੇ ਸਾਰੀਆਂ ਕਲਾਸਾਂ, ਨੇੜਲੇ ਸੰਪਰਕ ਵਾਲੇ ਦੂਸਰੇ ਵਿਅਕਤੀਆਂ ਨੂੰ ਘਰ ਰਹਿਣ ਤੇ ਸਵੈ-ਇਕਾਂਤਵਾਸ ਹੋਣ ਦੀ ਹਦਾਇਤ ਕੀਤੀ ਹੈ। ਦੂਸਰਿਆਂ ਨੂੰ ਵੀ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ। ਵੈਰੀਐਂਟਸ ਰੈਗੂਲਰ ਕੋਵਿਡ-19 ਨਾਲੋਂ ਬਹੁਤ ਜ਼ਿਆਦਾ ਛੂਤ ਵਾਲਾ ਹੈ ਅਤੇ ਸੂਬੇ ਵਿਚ ਤੇਜ਼ੀ ਨਾਲ ਮਾਮਲੇ ਵਧ ਰਹੇ ਹਨ। ਫਰੇਜ਼ਰ ਹੈਲਥ ਨੇ ਇਕ ਬਿਆਨ ਵਿਚ ਕਿਹਾ ਕਿ ਵੈਰੀਐਂਟ ਸਟਰੇਨਸ ਬਹੁਤ ਤੇਜ਼ੀ ਨਾਲ ਤੇ ਸੁਖਾਲਾ ਫੈਲ ਸਕਦਾ ਪਰ ਟੀਕਿਆਂ ਦੇ ਪ੍ਰਭਾਵ ਨਾਲ ਦਾਖਲ ਨਹੀਂ ਹੁੰਦਾ ਨਾ ਹੀ ਵਾਇਰਸ ਲਈ ਸਾਡੀ ਸਮਰਥਾ ਨੂੰ ਪ੍ਰਭਾਵਤ ਕਰਦਾ ਹੈ। ਬੀਸੀ ਸੂਬੇ ਦੀ ਹੈਲਥ ਅਫਸਰ ਡਾ. ਬੋਨੀ ਹੈਨਰੀ ਨੇ ਕਿਹਾ ਕਿ ਬੀਸੀ ਵਿਚ ਵੈਰੀਐਂਟਸ ਦੇ ਕੁਲ 182 ਮਾਮਲਿਆਂ ਜਿਨ੍ਹਾਂ ਵਿਚੋਂ 159 ਯੂਕੇ ਵੈਰੀਐਂਟਸ ਬੀ117 ਦੇ ਅਤੇ ਸਾਊਥ ਅਫਰੀਕਨ ਵੈਰੀਐਂਟ ਬੀ1351 ਦੇ 23 ਮਾਮਲਿਆਂ ਦਾ ਪਤਾ ਲੱਗਾ ਹੈ ਪਰ ਕੇਵਲ ਅੱਠ ਐਕਟਿਵ ਹਨ। ਹੈਨਰੀ ਨੇ ਦੱਸਿਆ ਕਿ ਵੱਖ ਵੱਖ ਵੈਰੀਐਂਟਸ ਸਟਰੇਨਸ ਵਾਲੇ 9 ਲੋਕਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ ਪਰ ਹੁਣ ਕੇਵਲ ਇਕ ਵਿਅਕਤੀ ਹੀ ਹਸਪਤਾਲ ਵਿਚ ਦਾਖਲ ਹੈ।






**BUSY BOYS ELECTRICAL LTD.**

- Multi-Fmaily Homes
- Town Homes
- Apartment Buildings
- High Rise Buildings
- Commercial Buildings
- Fire Alarm
- High Voltage Vault Service & Annual Operating Permits
- Single Family Homes & Home Automation





C: 604.837.3101
O: 778.590.5906

#111-8132 130th St., Surrey BC
busyboyselectrical@gmail.com
www.busyboyselectrical.com

ਇਲੈਕਟ੍ਰੀਕਲ ਦਾ ਸਮਾਨ ਵਧੀਆ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਫੋਨ ਕਰੋ


# ਕੋਵਿਡ-19 ਵੈਕਸੀਨ ਦੀਆਂ ਖੁਰਾਕਾਂ ਵਿਚਾਲੇ ਲੰਬੇ ਅੰਤਰਾਲ 'ਤੇ ਵਿਵਾਦ

ਵਿਕਟੋਰੀਆ-ਮਾਹਿਰ ਬੀਸੀ ਦੇ ਟੀਕਿਆਂ ਦੀਆਂ ਖੁਰਾਕਾਂ ਵਿਚਕਾਰ 16 ਹਫ਼ਤੇ ਦੇ ਅੰਤਰਾਲ ਬਾਰੇ ਸਵਾਲ ਚੁੱਕ ਰਹੇ ਹਨ ਜਦਕਿ ਕੈਨੇਡਾ ਦੇ ਦੂਸਰੇ ਸੂਬੇ ਵੀ ਟੀਕੇ ਦੀ ਘਾਟ ਦਰਮਿਆਨ ਸੁਰੱਖਿਆ ਦੇ ਵਿਸਥਾਰ ਲਈ ਉਸੇ ਤਰ੍ਹਾਂ ਦੀ ਪਹੁੰਚ ਬਾਰੇ ਸੋਚ ਰਹੇ ਹਨ। ਕੈਨੇਡਾ ਦੀ ਮੁੱਖ ਵਿਗਿਆਨਕ ਸਲਾਹਕਾਰ ਮੋਨਾ ਨੇਰਮਰ ਨੇ ਮੀਡੀਆ ਨੂੰ ਦੱਸਿਆ ਕਿ ਬੀ ਸੀ ਦਾ 16 ਹਫ਼ਤੇ ਜਾਂ 112 ਦਿਨ ਦਾ ਅੰਤਰਾਲ ਵਧਾਉਣ ਦਾ ਫ਼ੈਸਲਾ ਆਬਾਦੀ ਪੱਧਰੀ ਤਜਰਬਾ ਹੈ। ਉਨ੍ਹਾਂ ਦਾ ਖਿਆਲ ਹੈ ਕਿ ਅਜਿਹਾ ਕਰਨਾ ਸੰਭਵ ਹੈ ਪਰ ਇਹ ਮੁੱਢਲੇ ਤੌਰ 'ਤੇ ਆਬਾਦੀ ਪੱਧਰ ਦੇ ਤਜਰਬੇ ਦੇ ਬਰਾਬਰ ਹੈ। ਨੇਰਮਰ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਹੈ ਕਿ ਅਜਿਹਾ ਕਰਨ ਦੀ ਲੋੜ ਹੈ ਕਿਉਂਕਿ ਅਸੀਂ ਕਲੀਨੀਕਲ ਟਰਾਇਲ ਕੀਤੇ ਜਾਣ ਦੀ ਆਸ ਕਰਦੇ ਹਾਂ। ਉਧਰ ਅਮਰੀਕਾ ਦੇ ਲਾਗ ਰੋਗਾਂ ਬਾਰੇ ਮਾਹਿਰ ਡਾ ਐਂਥਨੀ ਫੌਸੀ ਨੇ ਕਿਹਾ ਕਿ ਉਹ ਖੁਰਾਕਾਂ ਵਿਚਕਾਰ ਅੰਤਰਾਲ ਵਧਾਉਣ ਨਾਲ ਸਹਿਮਤ ਨਹੀਂ। ਇਹ ਰਣਨੀਤੀ ਯੂਕੇ ਵਿਚ ਵੀ ਵਰਤੀ ਗਈ ਹੈ। ਅਲਬਰਟਾ ਤੇ ਓਨਟਾਰੀਓ ਨੇ ਐਲਾਨ ਕੀਤਾ ਕਿ ਉਹ ਬੀਸੀ ਦੀ ਅਗਵਾਈ ਨੂੰ ਸਵੀਕਾਰ ਕਰਨ ਤੇ ਅੰਤਰਾਲ 16 ਹਫਤਿਆਂ ਤੱਕ ਵਧਾਉਣ 'ਤੇ ਵਿਚਾਰ ਕਰ ਰਹੇ ਹਨ।




**JJB INSURANCE**

Sarban Singh Sidhu
604-507-6866
#1, 13791, 72 AVE, SURREY (NEAR FRUITICANA)

We Are Specialist In Setting Up New Prorate Co, Fleet, Cargo

Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |



*RATES SUBJECT TO CHANGE WITHOUT ANY NOTICE

HOUSE INSURANCE UP TO 65% DISCOUNT AVAILABLE

THESE RATES INCLUDE:-
- REPLACEMENT COST ON DWELLING & CONTENTS
- SEWER BACKUP • CLAIM FREE DISCOUNT
- SENIOR / MORTGAGE FREE DISCOUNT
- HOME PROTECTION DISCOUNT
- NEW HOME DISCOUNT • DEDUCTIBLE DISCOUNT

Life • Critical • Disability • RRSP • RESP • Visitor • Super Visa

Ask for Special Rate for Super Visa Insurance
Money Back upon Visa Declined

- ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
- ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ

Wawanesa Insurance

Call Us Before You Renew / Buy Any Insurance Lien & Accident Search Available



**UNI GLOBAL IMMIGRATION CONSULTING SERVICES LTD.**

*Your Dream......Our Passion*

*For All Your Immigration Related Needs*

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers(TFW). We help employers in each and every step of acquiring Temporary Foreign Workers

Tel: 604-338-4975
604-507-9962

#12387 - 75 Ave., Surrey BC V3W 2S7
Email: contactuniglobal@gmail.com

# ਸਰੀ ਵਿਚ ਕਤਲ ਦੀ ਸਾਜਿਸ਼ਕਾਰ ਤਨਪ੍ਰੀਤ ਕੌਰ ਅਟਵਾਲ ਨੂੰ ਸਜ਼ਾ ਦੀ ਪੁਸ਼ਟੀ

ਵੈਨਕੂਵਰ-ਸਰੀ ਚ ਤਿੰਨ ਬੱਚਿਆਂ ਦੀ ਮਾਂ ਨੂੰ ਕਤਲ ਕਰਨ ਤਾਂ ਜੋ ਉਹ ਪੀੜਤ ਦੇ ਪਤੀ ਨਾਲ ਵਿਆਹ ਕਰ ਸਕੇ ਲਈ ਹਿਟਮੈਨ ਨੂੰ 15000 ਡਾਲਰ ਦੇਣ ਲਈ ਦੋਸ਼ੀ ਠਹਿਰਾਈ ਗਈ ਔਰਤ ਆਪਣੀ ਫਸਟ ਡਿਗਰੀ ਕਤਲ ਵਿਚ ਸਜ਼ਾ ਖਿਲਾਫ ਅਪੀਲ ਹਾਰ ਗਈ ਹੈ। ਨਵੰਬਰ 2017 ਵਿਚ ਜੂਰੀ ਨੇ ਤਰਨਪ੍ਰੀਤ ਕੌਰ ਅਟਵਾਲ ਜਿਹੜੀ ਸੋਨੀਆ ਕੌਰ ਗਿੱਲ ਵਜੋਂ ਵੀ ਜਾਣੀ ਜਾਂਦੀ ਹੈ ਅਮਨਪ੍ਰੀਤ ਬਾਹੀਆ ਨੂੰ 2007 ਵਿਚ ਚਾਕੂ ਮਾਰ ਕੇ ਕਤਲ ਕਰਨ ਦੀ ਫਸਟ ਡਿਗਰੀ ਮਰਡਰ ਵਿਚ ਦੋਸ਼ੀ ਠਹਿਰਾਈ ਗਈ ਸੀ। ਬਾਹੀਆ ਕਤਲ ਸਮੇਂ ਦੋ ਛੋਟੇ ਬੱਚਿਆਂ ਨਾਲ ਘਰ ਵਿਚ ਇਕੱਲੀ ਸੀ। 33 ਸਾਲਾ ਬਾਹੀਆ ਦੀ 7 ਫਰਵਰੀ 2007 ਨੂੰ ਹਾਈਵੇ 10 ਤੇ ਸਕੌਟ ਰੋਡ ਨੇੜੇ ਪਰਿਵਾਰਕ ਘਰ ਦੀ ਬੇਸਮੈਂਟ ਕਿਚਨ ਵਿਚੋਂ ਖੂਨ ਨਾਲ ਲੱਥਪੱਥ ਲਾਸ਼ ਮਿਲੀ ਸੀ। ਉਸ ਦੀ ਗਰਦਨ ਤੇ ਪਿੱਠ ਤੇ ਚਾਕੂ ਦੇ 30 ਤੋਂ ਵੀ ਜ਼ਿਆਦਾ ਵਾਰ ਕੀਤੇ ਗਏ ਸਨ। ਕਤਲ ਸਮੇਂ ਬਾਹੀਆ ਦੀ ਵੱਡੀ ਧੀ ਸਕੂਲ ਗਈ ਹੋਈ ਸੀ। ਅਟਵਾਲ ਨੇ ਆਪਣੀ ਸਜ਼ਾ ਖਿਲਾਫ ਬ੍ਰਿਟਿਸ਼ ਕੋਲੰਬੀਆ ਦੀ ਕੋਰਟ ਆਫ ਅਪੀਲ ਸਾਹਮਣੇ ਤਿੰਨ ਦਲੀਲਾਂ ਦੇ ਆਧਾਰ 'ਤੇ ਅਪੀਲ ਕੀਤੀ। ਅਪੀਲ ਕੋਰਟ ਨੇ ਪਾਇਆ ਕਿ ਟਰਾਇਲ ਜੱਜ ਨੇ ਫ਼ੈਸਲੇ ਵਿਚ ਕੋਈ ਗਲਤੀ ਨਹੀਂ ਕੀਤੀ ਅਤੇ ਅਟਵਾਲ ਦੀ ਅਪੀਲ ਰੱਦ ਕਰ ਦਿੱਤੀ ਗਈ। ਪਿਛਲੀਆਂ ਗਰਮੀਆਂ ਵਿਚ ਅਪੀਲ ਕੋਰਟ ਨੇ ਭਾੜੇ ਦੇ ਕਾਤਲ ਐਡੁਆਰਡ ਵਿਕਟਰੋਵਿਚ ਬਾਰਨੇਕ ਤੇ ਪੀੜਤ ਦੇ ਪਤੀ ਬਲਜਿੰਦਰ ਸਿੰਘ ਬਾਹੀਆਂ ਦੀ ਫਸਟ ਡਿਗਰੀ ਮਰਡਰ ਵਿਚ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਸੀ। ਕਾਤਲ ਨੇ ਕਤਲ ਪਿੱਛੋਂ ਚਾਕੂ ਫਰੇਸਰ ਦਰਿਆ ਵਿਚ ਸੁੱਟ ਦਿੱਤਾ ਸੀ। ਕਤਲ ਸਮੇਂ ਅਟਵਾਲ ਭਾਰਤ ਆਈ ਹੋਈ ਸੀ।

## ਐਡਮਿੰਟਨ ਦੇ ਸਾਬਕਾ ਐਮ ਐਲ ਏ ਸਾਰਿਕ ਦਾ ਦਿਹਾਂਤ

ਐਡਮਿੰਟਨ-ਐਡਮਿੰਟਨ ਪ੍ਰੋਗਰੈਸਿਵ ਕੰਸਰਵੇਟਿਵ ਦੀ ਸਾਬਕਾ ਐਮਐਲਏ ਅਤੇ ਕੈਥੋਲਿਕ ਸਕੂਲ ਟਰਸੱਟੀ ਜੈਨਾਈਸ ਸਾਰਿਕ ਦਾ 62 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ। ਸਨਿਚਰਵਾਰ ਸ਼ਾਮ ਨੂੰ ਇਕ ਟਵੀਟ ਵਿਚ ਪ੍ਰੀਮੀਅਰ ਜੈਸਨ ਕੈਨੀ ਨੇ ਕਿਹਾ ਕਿ ਉਹ ਆਪਣੇ ਪਰਮ ਮਿੱਤਰ ਦੀ ਮੌਤ ਨਾਲ ਬਹੁਤ ਉਦਾਸ ਹੋਇਆ ਹੈ। ਕੈਨੀ ਨੇ ਦੱਸਿਆ ਕਿ ਜੈਨਾਈਸ ਬੀਤੀ ਰਾਤ ਚਲ ਵਸੀ। ਸਿਰਫ ਤਿੰਨ ਹਫ਼ਤੇ ਪਹਿਲਾਂ ਉਸ ਨੂੰ ਕੈਂਸਰ ਹੋਣ ਦਾ ਪਤਾ ਲੱਗਾ ਸੀ। ਕੈਨੀ ਨੇ ਕਿਹਾ ਕਿ ਉਹ ਕੈਥੋਲਿਕ ਸਕੂਲ ਟਰੱਸਟੀ ਤੇ ਐਮਐਲਏ ਵਜੋਂ ਸੇਵਾ ਨਿਭਾਉਣ ਵਾਲੀ ਇਕ ਸ਼ਾਨਦਾਰ ਤੇ ਆਪਣੀ ਕਮਿਊਨਿਟੀ ਨੂੰ ਸਮਰਪਿਤ ਹਮਦਰਦੀ ਵਾਲੀ ਔਰਤ ਸੀ।

## ਹੋਟਲ ਵਿਚ ਪੁਲਿਸ ਵਲੋਂ ਗੋਲੀਬਾਰੀ-ਇਕ ਮੌਤ

ਕੈਲਗਰੀ-ਬੈਲਟਲਾਈਨ ਹੋਟਲ ਵਿਖੇ ਪੁਲਿਸ ਵਲੋਂ ਗੋਲੀ ਚਲਾਉਣ ਨਾਲ ਇਕ ਵਿਅਕਤੀ ਦੀ ਮੌਤ ਹੋ ਗਈ। ਇਕ ਵਿਅਕਤੀ ਕੋਲ ਬੰਦੂਕ ਹੋਣ ਕਾਰਨ ਕੈਲਗਰੀ ਪੁਲਿਸ ਨੂੰ ਸ਼ਾਮ ਚਾਰ ਵਜੇ 8ਵੀਂ ਸਟਰੀਟ ਅਤੇ 12ਵੀਂ ਐਵੀਨਿਊ ਐਸਡਬਲਯੂ ਵਿਖੇ ਨੁਵੋ ਹੋਟਲ ਵਿਖੇ ਬੁਲਾਇਆ ਗਿਆ ਸੀ। ਇਸ ਘਟਨਾ ਵਿਚ ਕੋਈ ਅਫਸਰ ਜ਼ਖ਼ਮੀ ਨਹੀਂ ਹੋਇਆ। ਮਰਨ ਵਾਲੇ ਵਿਅਕਤੀ ਦੀ ਉਮਰ ਅਤੇ ਉਸ ਦੇ ਜੈਂਡਰ ਬਾਰੇ ਜਾਣਕਾਰੀ ਰਿਲੀਜ਼ ਨਹੀਂ ਕੀਤੀ ਗਈ। ਅਲਬਰਟਾ ਸੀਰੀਅਸ ਇੰਸੀਡੈਂਟ ਰਿਸਪਾਂਸ ਟੀਮ ਨੂੰ ਜਾਂਚ ਕਰਨ ਦੀ ਹਦਾਇਤ ਕੀਤੀ ਗਈ ਹੈ। ਪੁਲਿਸ ਦੀ ਸ਼ਮੂਲੀਅਤ ਨਾਲ ਜ਼ਖ਼ਮੀ ਹੋਣ ਜਾਂ ਮੌਤ ਹੋਣ ਦੇ ਮਾਮਲਿਆਂ ਦੀ ਇਹੀ ਟੀਮ ਜਾਂਚ ਕਰਦੀ ਹੈ।

## 19 ਰੈਜ਼ੀਡੈਂਟ ਤੇ ਸਟਾਫ ਦਾ ਕੋਵਿਡ-19 ਵੈਰੀਐਂਟ ਦਾ ਟੈਸਟ ਪਾਜ਼ੇਟਿਵ

ਐਡਮਿੰਟਨ-ਇਥੋਂ ਦੀ ਇਕ ਕੇਅਰ ਫੈਸਿਲਟੀ ਵਿਚ ਕੋਵਿਡ-19 ਵੈਰੀਐਂਟ ਲਗਾਤਾਰ ਫੈਲ ਰਹੀ ਹੈ। ਚਰਚਿਲ ਮੈਨਰ ਵਿਚ 19 ਰੈਜ਼ੀਡੈਂਟਸ ਅਤੇ ਸਟਾਫ ਦਾ ਕੋਵਿਡ-19 ਵੈਰੀਐਂਟ ਦਾ ਟੈਸਟ ਪਾਜ਼ੇਟਿਵ ਆਇਆ ਹੈ। ਇਥੇ ਫੈਲੀ ਬਿਮਾਰੀ ਨਾਲ 27 ਲੋਕ ਜੁੜੇ ਹੋਏ ਹਨ ਜਿਸ ਦੀ ਪਛਾਣ ਸ਼ੁੱਕਰਵਾਰ ਪਹਿਲਾ ਮਾਮਲਾ ਦਰਜ ਕੀਤੇ ਜਾਣ ਪਿੱਛੋਂ ਕੀਤੀ ਗਈ। ਅਲਬਰਟਾ ਦੀ ਸਿਹਤ ਬਾਰੇ ਚੀਫ਼ ਮੈਡੀਕਲ ਅਫਸਰ ਡਾ. ਡੀਨਾ ਹਿਨਸ਼ਾਅ ਨੇ ਕਿਹਾ ਕਿ ਸੂਬੇ ਵਿਚ ਕੇਅਰ ਫੈਸਿਲਟੀ ਵਿਚ ਪਹਿਲੀ ਵੈਰੀਐਂਟ ਆਊਟਬਰੇਕ ਦੀ ਪਛਾਣ ਕੀਤੀ ਗਈ ਹੈ ਅਤੇ ਇਹ ਤੇਜ਼ੀ ਨਾਲ ਫੈਲ ਸਕਦਾ ਹੈ। ਯਕੀਨਨ ਇਹ ਬਹੁਤ ਚਿੰਤਾ ਵਾਲੀ ਗੱਲ ਹੈ ਕਿ ਕੁਝ ਹੀ ਦਿਨਾਂ ਵਿਚ ਬਿਮਾਰੀ ਇਕ ਵਿਅਕਤੀ ਤੋਂ 27 ਤਕ ਫੈਲ ਗਈ।

## ਅਕਾਲੀ ਦਲ ਵੱਲੋਂ ਕੈਪਟਨ ਸਰਕਾਰ ਖਿਲਾਫ ਸੂਬਾ ਪੱਧਰੀ ਸੰਘਰਸ਼ 8 ਤੋਂ

[ਸਫ਼ਾ 3 ਦੀ ਬਾਕੀ]

ਲਈ ਹੁਣੇ ਤੋਂ ਕਮਰ ਕੱਸਣ ਦਾ ਸੱਦਾ ਦਿੱਤਾ। ਨਗਰ ਕੌਂਸਲ ਚੋਣਾਂ 'ਚ ਜਿੱਤ ਦੇ ਜਸ਼ਨਾਂ 'ਚ ਡੁੱਬੀ ਕਾਂਗਰਸ ਨੂੰ ਉਸ ਦੇ 2017 ਦੇ ਅਧੂਰੇ ਚੋਣ ਵਾਅਦਿਆਂ ਅਤੇ ਚਾਰ ਸਾਲਾਂ ਦੀ ਮਾੜੀ ਕਾਰਗੁਜ਼ਾਰੀ ਦੇ ਮੁੱਦੇ 'ਤੇ 2022 ਵਿੱਚ ਝੁੰਜੇ ਲਾਹੁਣ ਲਈ ਸ਼੍ਰੋਮਣੀ ਅਕਾਲੀ ਦਲ (ਬ) ਮੈਦਾਨ 'ਚ ਉੱਤਰ ਆਇਆ ਹੈ। ਪਾਰਟੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਗੁਟਕੇ ਦੀ ਸਹੁੰ ਚੁੱਕਣ ਅਤੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਕਿਸਾਨ ਪਿਉ-ਪੁੱਤਰ ਦੇ ਖ਼ੁਦਕੁਸ਼ੀ ਨੋਟ 'ਚ ਅਮਰਿੰਦਰ ਸਿੰਘ ਨੂੰ ਦੋਸ਼ੀ ਦੱਸਣ ਦੇ ਮਾਮਲੇ 'ਚ ਘੇਰਨ ਲਈ 8 ਮਾਰਚ ਨੂੰ ਸੂਬਾ ਪੱਧਰੀ ਸੰਘਰਸ਼ ਦਾ ਐਲਾਨ ਕੀਤਾ ਹੈ। ਇਸ ਤਹਿਤ 117 ਹਲਕਿਆਂ 'ਚ ਧਰਨੇ ਦੇ ਕੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜੇ ਜਾਣਗੇ। ਇਨ੍ਹਾਂ ਧਰਨਿਆਂ 'ਚ ਅਕਾਲੀ ਦਲ ਵੱਲੋਂ ਪਿਛਲੇ ਚੋਣ ਮਨੋਰਥ ਪੱਤਰ ਮੁਤਾਬਕ ਕੀਤੇ ਵਾਅਦਿਆਂ ਸਮੇਤ 14 ਮਸਲੇ ਉਭਾਰ ਕੇ ਲੋਕ ਕਚਹਿਰੀ 'ਚ ਸੂਬਾ ਸਰਕਾਰ ਤੋਂ ਹਿਸਾਬ ਮੰਗਿਆ ਜਾਵੇਗਾ। ਡੀਜ਼ਲ-ਪੈਟਰੋਲ ਤੇ ਘਰੇਲੂ ਗੈਸ ਦੀਆਂ ਕੀਮਤਾਂ 'ਚ ਲਗਾਤਾਰ ਵਾਧੇ ਜਿਹੇ ਮਸਲੇ ਵੀ ਉਠਾਏ ਜਾਣਗੇ।

ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ



ਲੇਖਕ : ਹਰਚੰਦ ਸਿੰਘ ਬਾਗੜੀ



ਅਮਰਜੀਤ ਸਿੰਘ ਚਰਿਕ

ਬਹੁਤ ਸਾਰੇ ਪਰਵਾਸੀ ਪੰਜਾਬੀ ਲੇਖਕ ਆਪਣੀ ਲੇਖਣੀ ਦੁਆਰਾ ਪੰਜਾਬੀ ਸਾਹਿਤ ਦੇ ਖੇਤਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ, ਉਹਨਾਂ ਵਿਚੋਂ ਹੀ ਨਾਮਵਰ ਲੇਖਕ ਸ: ਹਰਚੰਦ ਸਿੰਘ ਬਾਗੜੀ ਹਨ ਜੋ ਕੈਨੇਡਾ ਦੇ ਬੀ. ਸੀ. ਸੂਬੇ ਵਿਚ ਰਹਿੰਦਿਆਂ ਲਗਾਤਾਰ ਆਪਣੀਆਂ ਲਿਖਤਾਂ ਦੁਆਰਾ ਪਾਠਕਾਂ ਦਾ ਧਿਆਨ ਖਿੱਚ ਰਹੇ ਹਨ। ਉਨ੍ਹਾਂ ਬਾਰੇ, ਉਨ੍ਹਾਂ ਦੀ ਜ਼ਿੰਦਗੀ ਅਤੇ ਲਿਖਤਾਂ ਬਾਰੇ ਮੇਰੇ ਵੱਲੋਂ 9 ਜਨਵਰੀ, 2021 ਨੂੰ ਲੇਖ ਵੀ ਛੱਪਿਆ ਸੀ। ਉਹ ਜਿਹੜੇ ਪਾਠਕਾਂ ਨੇ ਨਹੀਂ ਪੜ੍ਹਿਆ ਉਹ ਪੰਜਾਬ ਲਿੰਕ ਦੇ ਈ-ਪੇਪਰ ਰਾਹੀਂ ਪੜ੍ਹ ਸਕਦੇ ਹਨ। ਪੰਜਾਬ ਲਿੰਕ ਵਿਚ ਪਿਛਲੇ ਕਾਫ਼ੀ ਸਮੇਂ ਤੋਂ ਪ੍ਰੋ. ਅਵਤਾਰ ਸਿੰਘ ਵਿਰਦੀ ਦੁਆਰਾ ਲਿਖਤ ਨਾਵਲ "ਆਈ ਕੈਨੇਡਾ ਵਿਆਹੀ" ਲੜੀਵਾਰ ਛਪ ਰਿਹਾ ਸੀ। ਜੋ ਹੁਣ ਸਮਾਪਤ ਹੋ ਚੁੱਕਾ ਹੈ। ਅਸੀਂ ਪਾਠਕਾਂ ਦੇ ਬਹੁਤ ਧੰਨਵਾਦੀ ਹਾਂ ਕਿ ਤੁਸੀਂ ਸਾਡੀ ਪੇਸ਼ਕਾਰੀ ਨੂੰ ਬਹੁਤ ਪਸੰਦ ਕੀਤਾ। ਅੱਜ ਕਿਸਾਨ ਅੰਦੋਲਨ ਭਾਰਤ ਦੇ ਵਿਚ ਚਲ ਰਿਹਾ ਹੈ ਜਿਸ ਨੇ ਲੋਕਾਂ ਵਿਚ ਭਾਈਚਾਰਕ ਸਾਂਝ ਵਧਾਈ ਹੈ। ਲੋਕ ਉਹ ਆਜ਼ਾਦੀ ਦੀ ਮੰਗ ਕਰ ਰਹੇ ਹਨ ਜੋ ਸਾਡੇ ਸਾਰੇ ਹੀ ਸੂਰਬੀਰ ਯੋਧਿਆਂ, ਸ਼ਹੀਦਾਂ ਨੇ ਸੁਪਨਾ ਲਿਆ ਸੀ। ਉਹ ਆਜ਼ਾਦੀ ਸਾਨੂੰ ਕਿਸ ਤਰ੍ਹਾਂ ਪ੍ਰਾਪਤ ਹੋਈ। ਇਹ ਸਭ ਦਾ ਬਿਰਤਾਂਤ ਸ. ਹਰਚੰਦ ਸਿੰਘ ਬਾਗੜੀ ਹੋਰਾਂ ਦੁਆਰਾ ਲਿਖਤ ਮਹਾਂ ਕਾਵਿ "ਕਿਸ ਬਿਧ ਮਿਲੀ ਆਜ਼ਾਦੀ' ਵਿਚ ਕਾਵਿ ਰੂਪ ਵਿਚ ਵਰਨਣ ਕੀਤਾ ਹੈ। ਜੋ ਅਦਾਰਾ 'ਪੰਜਾਬ ਲਿੰਕ' ਲੜੀਵਾਰ ਛਾਪਣ ਦੀ ਖੁਸ਼ੀ ਲੈ ਰਿਹਾ ਹੈ। ਅਸੀਂ ਧੰਨਵਾਦੀ ਹਾਂ ਸ. ਬਾਗੜੀ ਦੇ ਜਿਨ੍ਹਾਂ ਸਾਨੂੰ ਇਹ ਮਾਣ ਬਖਸ਼ਿਆ ਹੈ। ਸਾਰੇ ਪਾਠਕਾਂ ਨੂੰ ਵੀ ਬੇਨਤੀ ਹੈ ਕਿ ਇਹ ਮਹਾਂ ਕਾਵਿ ਜੋ ਕਵਿਤਾ ਦੇ ਰੂਪ ਵਿਚ 160 ਸਾਲ ਦਾ ਇਤਿਹਾਸ ਹੈ। ਚਾਰ ਸੌ ਪੰਨੇ ਦੀ ਇਸ ਕਿਤਾਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਸਿੱਖ ਰਾਜ ਕਿਵੇਂ ਆਇਆ ਦਾ ਬਿਰਤਾਂਤ ਹੈ। ਸਾਨੂੰ ਉਮੀਦ ਹੈ ਕਿ ਪਾਠਕ ਇਹ ਲੜੀਵਾਰ ਮਹਾਂ ਕਾਵਿ ਪੜ੍ਹ ਕੇ ਇਤਿਹਾਸ ਤੋਂ ਜਾਣੂ ਹੋਣਗੇ।

[ਲੜੀਵਾਰ ਮਹਾਂ ਕਾਵਿ ਪੇਜ਼ ਨੰਬਰ 20 'ਤੇ ਪੜ੍ਹੋ]

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ

S & S Jewellers Ltd.



Authorized Dealer
20% OFF SEIKO, PULSAR ALL Watches
(3 Yrs Limited Warranty)



Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals

Diamond Ring 50% Off

Surjit S. Kanda * Avtar S. Kanda
604.582.5849
9269 - 120 St. Delta BC V4C 6R8

Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements. Rates subject to change without notice.

Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।





ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।



JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance

80th Ave. 128th St 130th St. AMC Insurance AirCare

ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca



# ਸਪੈਸ਼ਲ ਸੇਲ !

www.dream-carpets.com

# dream carpets

Shaw FLOORS

Ansonylon

STAINMASTER CARPET

ClearTouch

from $1.98 SF — Berber Installed

Textured Saxony Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS



Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00



Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed



Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਮਿਆਂਮਾਰ 'ਚ ਫ਼ੌਜ ਵੱਲੋਂ ਗੋਲੀਬਾਰੀ ਦੌਰਾਨ 38 ਵਿਖਾਵਾਕਾਰੀ ਹਲਾਕ

ਯੈਂਗੌਨ-ਮਿਆਂਮਾਰ ਵਿੱਚ ਪਹਿਲੀ ਫ਼ਰਵਰੀ ਨੂੰ ਹੋਏ ਰਾਜ ਪਲਟੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੇ ਲੋਕਾਂ 'ਤੇ ਬੁੱਧਵਾਰ ਨੂੰ ਸੁਰੱਖਿਆ ਬਲਾਂ ਦੇ ਜਵਾਨਾਂ ਵੱਲੋਂ ਗੋਲੀਆਂ ਚਲਾਏ ਜਾਣ ਨਾਲ 38 ਵਿਅਕਤੀ ਮਾਰੇ ਗਏ। ਇਹ ਦਾਅਵਾ ਸੰਯੁਕਤ ਰਾਸ਼ਟਰ ਵੱਲੋਂ ਕੀਤਾ ਗਿਆ ਹੈ। ਬੁੱਧਵਾਰ ਨੂੰ 38 ਵਿਅਕਤੀਆਂ ਦੀ ਮੌਤ ਹੋਣ ਦੇ ਬਾਵਜੂਦ ਅੱਜ ਪ੍ਰਦਰਸ਼ਨਕਾਰੀ ਮੁੜ ਸੜਕਾਂ 'ਤੇ ਉਤਰੇ ਜਿਨ੍ਹਾਂ ਨੂੰ ਖਦੇੜਨ ਲਈ ਸੁਰੱਖਿਆ ਬਲਾਂ ਨੇ ਫਿਰ ਤੋਂ ਤਾਕਤ ਦਾ ਇਸਤੇਮਾਲ ਕੀਤਾ। ਸੰਯੁਕਤ ਰਾਸ਼ਟਰ ਦੀ ਇਕ ਅਧਿਕਾਰੀ ਨੇ ਸਵਿਟਜ਼ਰਲੈਂਡ ਤੋਂ ਰਸਮੀ ਗੱਲਬਾਤ ਦੌਰਾਨ ਕਿਹਾ ਕਿ ਬੁੱਧਵਾਰ ਨੂੰ ਮਿਆਂਮਾਰ ਵਿੱਚ 38 ਵਿਅਕਤੀ ਮਾਰੇ ਗਏ। ਇਹ ਅੰਕੜਾ ਇਸ ਸਬੰਧੀ ਮਿਲੀਆਂ ਹੋਰ ਖ਼ਬਰਾਂ ਨਾਲ ਮੇਲ ਖਾਂਦਾ ਹੈ ਪਰ ਦੇਸ਼ ਅੰਦਰ ਇਨ੍ਹਾਂ ਅੰਕੜਿਆਂ ਦੀ ਪੁਸ਼ਟੀ ਕਰਨਾ ਮੁਸ਼ਕਿਲ ਹੈ। ਮਿਆਂਮਾਰ ਲਈ ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਰਾਜਦੂਤ ਕ੍ਰਿਸਟਿਨ ਸ਼ਰਾਨੇਰ ਬਰਗਨਰ ਨੇ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰ ਵਿੱਚ ਬੁੱਧਵਾਰ ਨੂੰ ਕਿਹਾ, "ਪਹਿਲੀ ਫਰਵਰੀ ਨੂੰ ਮਿਆਂਮਾਰ ਵਿੱਚ ਰਾਜ ਪਲਟਾ ਹੋਣ ਤੋਂ ਬਾਅਦ ਬੁੱਧਵਾਰ ਸਭ ਤੋਂ ਵੱਧ ਮੌਤਾਂ ਵਾਲਾ ਦਿਨ ਸੀ ਜਿਸ ਵਿਚ 38 ਲੋਕਾਂ ਦੀ ਮੌਤ ਹੋ ਗਈ। ਰਾਜ ਪਲਟਾ ਹੋਣ ਤੋਂ ਬਾਅਦ ਹੁਣ ਤੱਕ 50 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਸੰਯੁਕਤ ਰਾਸ਼ਟਰ ਦੀ ਸੁਰੱਖਿਆ ਕੌਂਸਲ ਇਸ ਸਬੰਧੀ ਸ਼ੁੱਕਰਵਾਰ ਨੂੰ ਮੀਟਿੰਗ ਕਰ ਸਕਦੀ ਹੈ। ਇਹ ਜਾਣਕਾਰੀ ਕੌਂਸਲ ਦੇ ਇਕ ਰਾਜਦੂਤ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦਿੱਤੀ। ਬਰਤਾਨੀਆ ਨੇ ਮੀਟਿੰਗ ਕਰਨ ਦੀ ਬੇਨਤੀ ਕੀਤੀ ਸੀ। ਸੰਯੁਕਤ ਰਾਸ਼ਟਰ ਦੀ ਵਿਸ਼ੇਸ਼ ਰਾਜਦੂਤ ਬਰਗਨਰ ਨੇ ਕਿਹਾ ਕਿ ਮਿਆਂਮਾਰ ਦੇ ਲੋਕਾਂ ਦੇ ਰੋਜ਼ਾਨਾ 2000 ਤੋਂ ਵੱਧ ਸੁਨੇਹੇ ਆ ਰਹੇ ਹਨ ਜੋ ਕੌਮਾਂਤਰੀ ਭਾਈਚਾਰੇ ਦੀ ਕਾਰਗੁਜ਼ਾਰੀ ਤੋਂ ਨਿਰਾਸ਼ ਹਨ।

# ਅਭਿਨੇਤਰੀ ਤਾਪਸੀ ਪੰਨੂ ਤੇ ਅਨੁਰਾਗ ਕਸ਼ਯਪ ਦੀਆਂ ਮੁਸ਼ਕਲਾਂ ਵਿਚ ਵਾਧਾ



ਨਵੀਂ ਦਿੱਲੀ-ਇਨਕਮ ਟੈਕਸ ਵਿਭਾਗ ਵਲੋਂ ਫਿਲਮ ਇੰਡਸਟਰੀ ਦੇ ਕੁਝ ਲੋਕਾਂ ਖ਼ਿਲਾਫ਼ ਕਾਰਵਾਈ ਜਾਰੀ ਰੱਖੀ ਜਾ ਰਹੀ ਹੈ। ਆਮਦਨ ਕਰ ਵਿਭਾਗ ਵੱਲੋਂ ਮੁੰਬਈ ਤੇ ਪੁਣੇ ਵਿਚਲੇ 30 ਦੇ ਕਰੀਬ ਟਿਕਾਣਿਆਂ 'ਤੇ ਕੱਲ੍ਹ ਤੋਂ ਜਾਰੀ ਛਾਪਿਆਂ ਮਗਰੋਂ ਬੌਲੀਵੁੱਡ ਅਦਾਕਾਰ ਤਾਪਸੀ ਪੰਨੂ ਤੇ ਫ਼ਿਲਮਸਾਜ਼ ਅਨੁਰਾਗ ਕਸ਼ਯਪ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਵਿਭਾਗ ਨੇ ਤਾਪਸੀ ਦੇ ਘਰੋਂ ਪੰਜ ਕਰੋੜ ਰੁਪਏ ਨਗਦੀ ਦੀ ਰਸੀਦ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਆਮਦਨ ਕਰ ਦੀ ਟੀਮ ਨੇ ਦਾਅਵਾ ਕੀਤਾ ਕਿ ਛਾਪੇਮਾਰੀ ਦੌਰਾਨ ਉਸ ਹੱਥ ਫ਼ਿਲਮਸਾਜ਼ ਅਨੁਰਾਗ ਕਸ਼ਯਪ ਦੇ ਪ੍ਰੋਡਕਸ਼ਨ ਹਾਊਸ ਫੈਂਟਮ ਫ਼ਿਲਮਜ਼ ਦੀ ਆਮਦਨ ਤੇ ਸ਼ੇਅਰਾਂ ਵਿੱਚ ਵੱਡੇ ਪੱਧਰ 'ਤੇ ਹੇਰਾਫੇਰੀ ਦੇ ਸਬੂਤ ਮਿਲੇ ਹਨ। ਸੂਤਰਾਂ ਨੇ ਵਿਭਾਗ ਦੇ ਹਵਾਲੇ ਨਾਲ ਕਿਹਾ ਕਿ ਟੀਮ ਨੂੰ 350 ਕਰੋੜ ਰੁਪਏ ਦੀ ਟੈਕਸ ਹੇਰਾਫੇਰੀ ਬਾਰੇ ਪਤਾ ਲੱਗਾ ਹੈ। ਕੰਪਨੀ ਦੇ ਅਧਿਕਾਰੀ 350 ਕਰੋੜ ਰੁਪਏ ਦਾ ਹਿਸਾਬ ਕਿਤਾਬ ਦੇਣ ਵਿੱਚ ਨਾਕਾਮ ਰਹੇ ਹਨ। ਇਸ ਦੌਰਾਨ ਰਿਲਾਇੰਸ ਐਂਟਰਟੇਨਮੈਂਟ ਗਰੁੱਪ ਦੇ ਸੀਈਓ ਸ਼ਿਭਾਸ਼ੀਸ਼ ਸਰਕਾਰ ਦੀਆਂ ਜਾਇਦਾਦਾਂ ਤੇ ਕੁਝ ਟੈਲੇਂਟ ਮੈਨੇਜਮੈਂਟ ਕੰਪਨੀਆਂ 'ਕਵਾਨ' ਤੇ 'ਐਕਸੀਡ' 'ਤੇ ਵੀ ਆਈਟੀ ਟੀਮ ਨੇ ਛਾਪੇ ਮਾਰੇ ਗਏ ਹਨ। ਇਸੇ ਦੌਰਾਨ ਅੱਜ ਆਈਟੀ ਅਧਿਕਾਰੀਆਂ ਨੇ ਤਾਪਸੀ ਪੰਨੂ ਅਤੇ ਫਿਲਮ ਨਿਰਦੇਸ਼ਕ ਅਨੁਰਾਗ ਕਸ਼ਯਪ ਦੇ ਬਿਆਨ ਦਰਜ ਕੀਤੇ। ਸੂਤਰਾਂ ਅਨੁਸਾਰ ਇਹ ਬਿਆਨ ਪੁਣੇ ਦੇ ਹੋਟਲ ਵਿੱਚ ਲਏ ਗਏ ਹਨ। ਪਤਾ ਲੱਗਿਆ ਹੈ ਕਿ ਵਿਭਾਗ ਨੇ ਦੋਵਾਂ ਦੇ ਫੋਨ ਰਖਵਾ ਲਏ ਸਨ। ਸੂਤਰਾਂ ਮੁਤਾਬਕ ਇਹ ਪੁੱਛ ਪੜਤਾਲ ਤਿੰਨ ਦਿਨਾਂ ਤੱਕ ਜਾਰੀ ਰਹਿ ਸਕਦੀ ਹੈ।

# ਸੰਯੁਕਤ ਕਿਸਾਨ ਮੋਰਚੇ ਦੇ ਆਗੂ ਬੰਗਾਲ ਪੁੱਜੇ

## ਕਿਸਾਨ ਅੰਦੋਲਨ ਵਿਚ ਸ਼ਾਮਿਲ ਹੋਣ ਲਈ ਬੰਗਾਲੀਆਂ ਨੂੰ ਦਿੱਤਾ ਸੱਦਾ

ਨਵੀਂ ਦਿੱਲੀ-ਖੇਤੀ ਕਾਨੂੰਨਾਂ ਖਿਲਾਫ਼ ਚੱਲ ਰਹੇ ਕਿਸਾਨੀ ਘੋਲ ਨੂੰ ਰਫ਼ਤਾਰ ਦੇਣ ਤੇ ਮੋਦੀ ਹਕੂਮਤ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਪਾਜ ਉਧੇੜਨ ਲਈ ਪੱਛਮੀ ਬੰਗਾਲ ਦੇ ਲੇਖਕਾਂ, ਕਵੀਆਂ, ਕਿਸਾਨਾਂ ਤੇ ਵਿਦਿਆਰਥੀ ਕਾਰਕੁਨਾਂ ਵੱਲੋਂ ਕੋਲਕਾਤਾ ਵਿੱਚ ਵਿਸ਼ਾਲ ਰੈਲੀ ਕੀਤੀ ਗਈ। ਕਿਰਤੀ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚਾ ਦੇ ਆਗੂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਰੈਲੀ ਨੂੰ ਮੁੱਖ ਬੁਲਾਰੇ ਵਜੋਂ ਸੰਬੋਧਨ ਕੀਤਾ। 'ਭਾਰਤ ਦੇ ਸੰਵਿਧਾਨ ਤੇ ਪੱਛਮੀ ਬੰਗਾਲ ਨੂੰ ਫ਼ਾਸ਼ੀਵਾਦੀ ਤਾਕਤਾਂ ਤੋਂ ਬਚਾਉਣ' ਦੇ ਬੈਨਰ ਹੇਠ ਹੋਈ ਰੈਲੀ ਨੂੰ ਸੰਬੋਧਨ ਕਰਦਿਆਂ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕੇ ਦੇਸ਼ ਦੀ ਆਜ਼ਾਦੀ ਵਿੱਚ ਪੰਜਾਬ ਤੇ ਬੰਗਾਲ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਅੱਜ ਖੇਤੀ ਕਾਨੂੰਨਾਂ ਖਿਲਾਫ ਪੰਜਾਬ ਨੇ ਲੜਾਈ ਸ਼ੁਰੂ ਕੀਤੀ ਹੈ, ਜੋ ਹੌਲੀ ਹੌਲੀ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਫੈਲ ਰਹੀ ਹੈ। ਉਨ੍ਹਾਂ ਕਿਹਾ ਕਿ ਪੱਛਮੀ ਬੰਗਾਲ ਨੂੰ ਵੀ ਇਸ ਲੜਾਈ ਵਿੱਚ ਵੱਡਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕੇ ਇਹ ਖੇਤੀ ਕਾਨੂੰਨ ਸਿਰਫ ਕਿਸਾਨਾਂ ਖਿਲਾਫ਼ ਨਹੀਂ ਬਲਕਿ ਹਰ ਉਸ ਵਿਅਕਤੀ ਖਿਲਾਫ਼ ਹਨ, ਜਿਸ ਨੇ ਰੋਟੀ ਖਾਣੀ ਹੈ। ਕਿਸਾਨ ਆਗੂ ਨੇ ਕਿਹਾ ਕਿ ਇਹ ਕਾਨੂੰਨ ਜਨਤਕ ਵੰਡ ਪ੍ਰਣਾਲੀ ਰਾਹੀਂ ਦੇਸ਼ ਦੀ 67 ਫੀਸਦੀ ਆਬਾਦੀ ਨੂੰ ਮਿਲ ਰਹੇ ਸਸਤੇ ਰਾਸ਼ਨ ਨੂੰ ਬੰਦ ਕਰ ਦੇਣਗੇ, ਜਿਸ ਨਾਲ ਕਰੋੜਾਂ ਲੋਕ ਭੁੱਖੇ ਮਰਨ ਲਈ ਮਜਬੂਰ ਹੋਣਗੇ। ਉਨ੍ਹਾਂ ਕਾਲੇ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਦੇ ਹੱਕਾਂ 'ਤੇ ਡਾਕਾ ਕਰਾਰ ਦਿੱਤਾ। ਇਹ ਕਾਨੂੰਨ ਸਮੁੱਚੀ ਖੇਤੀ ਤੇ ਖ਼ੁਰਾਕ ਨੂੰ ਕਾਰਪੋਰੇਟ ਦੇ ਹੱਥ ਦੇ ਰਹੇ ਹਨ। ਇਸ ਮੌਕੇ ਅਭਿਜੀਤ, ਸੁਜਾਤੂ ਭਦਰਾ, ਅਬਦੁਲ ਰਫੀਕ, ਪੋਤੁਲ ਮੁਖਰਜੀ, ਸ਼ਕਤੀਮਾਨ ਘੋਸ਼, ਅਸ਼ੋਕ ਸੇਨ ਗੁਪਤਾ, ਪ੍ਰਸੂਨ ਭੌਮਿਕ, ਸ਼ਿਵਸ਼ੰਕਰ ਦਾਸ ਆਦਿ ਨੇ ਵੀ ਸੰਬੋਧਨ ਕੀਤਾ।

# ਸਿਰਮੌਰ ਸਿੱਖਿਆ ਸ਼ਾਸਤਰੀ ਪ੍ਰੋ: ਨਿਰੰਜਨ ਸਿੰਘ ਢੇਸੀ ਅਮਰੀਕਾ ਵਿਚ ਸਵਰਗਵਾਸ



ਧਾਰਮਿਕ, ਸਮਾਜਿਕ ਅਤੇ ਸਿਆਸੀ ਪੱਖਾਂ ਤੇ ਬਰਾਬਰ ਪਕੜ ਵਾਲਾ ਰੱਖਣ ਵਾਲੇ ਬੁੱਧੀਜੀਵੀ ਪ੍ਰੋ: ਨਿਰੰਜਨ ਸਿੰਘ ਢੇਸੀ ਅਮਰੀਕਾ ਚ ਅੱਜ ਸਦੀਵੀ ਵਿਛੋੜਾ ਦੇ ਗਏ ਹਨ। ਲਾਇਲਪੁਰ ਖਾਲਸਾ ਕਾਲਜ ਜਲੰਧਰ ਦੇ ਪੰਜਾਬ ਵਿਭਾਗ ਦੇ ਮੁਖੀ ਰਹੇ ਪ੍ਰੋ. ਨਿਰੰਜਨ ਸਿੰਘ ਢੇਸੀ ਅੱਜ ਤੜਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏ। ਉਹ ਇਨ੍ਹਾਂ ਦਿਨੀਂ ਅਮਰੀਕਾ ਵਿੱਚ ਰਹਿ ਰਹੇ ਸਨ। ਵਿਦਿਆਰਥੀ ਵਰਗ ਵਿੱਚ ਪ੍ਰੋ. ਨਿਰੰਜਨ ਸਿੰਘ ਢੇਸੀ ਦਾ ਬਹੁਤ ਸਤਿਕਾਰ ਪਾਇਆ ਜਾਂਦਾ ਸੀ। ਪ੍ਰੋ. ਨਿਰੰਜਨ ਸਿੰਘ ਢੇਸੀ ਹੁਰਾਂ ਦੇ ਸ. ਹਰਵਿੰਦਰ ਰਿਆੜ, ਕੇ. ਐੱਸ. ਮੱਖਣ, ਸਰਬਜੀਤ ਚੀਮਾ, ਤੂਤਕ-ਤੂਤਕ ਤੂਤੀਆਂ ਵਾਲੇ ਮਲਕੀਤ ਸਿੰਘ ਆਦਿ ਅਨੇਕਾਂ ਵਿਦਿਆਰਥੀ ਰਹਿ ਚੁੱਕੇ ਹਨ। ਜਿਨ੍ਹਾਂ ਨੇ ਆਪਣੇ-ਆਪਣੇ ਖੇਤਰ ਵਿੱਚ ਵੱਡੀਆ ਮੱਲਾਂ ਮਾਰੀਆਂ ਸਨ। ਅਮਰੀਕਾ ਵਿੱਚ ਰਹਿੰਦਿਆਂ ਪ੍ਰੋ. ਨਿਰੰਜਨ ਸਿੰਘ ਢੇਸੀ ਅਮਰੀਕਾ ਭਰ ਦੇ ਵੱਖ-ਵੱਖ ਗੁਰੂਘਰਾਂ 'ਚ ਗੁਰੂ ਨਾਨਕ ਸਾਹਿਬ ਦੇ ਫਲਸਫੇ ਦਾ ਵੱਡੀ ਪੱਧਰ ਤੇ ਪ੍ਰਚਾਰ ਕਰਦੇ ਰਹੇ। ਪ੍ਰੋ. ਨਿਰੰਜਨ ਸਿੰਘ ਢੇਸੀ ਹੁਰਾਂ ਦੀ ਗਿਣਤੀ ਉਨ੍ਹਾਂ ਮਹਾਨ ਬੁੱਧੀਜੀਵੀਆਂ ਵਿੱਚ ਹੁੰਦੀ ਸੀ, ਜਿਨ੍ਹਾਂ ਦੀ ਧਾਰਮਿਕ, ਸਮਾਜਿਕ ਅਤੇ ਸਿਆਸੀ ਪੱਖਾਂ ਤੇ ਬਰਾਬਰ ਪਕੜ ਸੀ। ਉਨ੍ਹਾਂ ਆਪਣੀ ਜ਼ਿੰਦਗੀ ਵਿੱਚ ਰੱਜ ਕੇ ਸਤਿਕਾਰ ਖੱਟਿਆ ਤੇ ਆਪਣੀ ਚਿੱਟੀ ਚਾਦਰ ਲੈ ਕੇ ਇਸ ਫਾਨੀ ਸੰਸਾਰ ਤੋਂ ਰੁਖਸਤ ਹੋਏ।

# ਪੰਜ ਪਿੰਡਾਂ ਪਿੱਛੇ ਇੱਕ ਕੋਲਡ ਸਟੋਰ ਬਣਾਇਆ ਜਾਵੇ-ਨਵਜੋਤ ਸਿੱਧੂ

ਚੰਡੀਗੜ੍ਹ-ਸਾਬਕਾ ਮੰਤਰੀ ਤੇ ਕਾਂਗਰਸ ਵਿਧਾਇਕ ਨਵਜੋਤ ਸਿੰਘ ਸਿੱਧੂ ਨੇ ਮਸ਼ਵਰਾ ਰੱਖਿਆ ਹੈ ਕਿ ਪੰਜਾਬ ਨੂੰ ਕਿਸਾਨੀ ਬਚਾਉਣ ਲਈ ਗੇਮ ਚੇਂਜਰ ਬਣਨਾ ਬਣੇਗਾ। ਉਨ੍ਹਾਂ ਖੇਤੀ ਵਿਭਿੰਨਤਾ ਲਈ ਹੱਲ ਸੁਝਾਏ ਅਤੇ ਪੰਜਾਬ ਦੇ ਕਿਸਾਨਾਂ ਦੇ ਹੱਕ ਵਿੱਚ ਡਟਣ ਦਾ ਭਰੋਸਾ ਦਿੱਤਾ। ਬਜਟ ਇਜਲਾਸ ਦੌਰਾਨ ਹੀ ਨਵਜੋਤ ਸਿੱਧੂ ਵੱਲੋਂ ਇਹ ਗੱਲਾਂ ਸਦਨ ਵਿੱਚ ਰੱਖਣ ਦੀ ਥਾਂ ਪ੍ਰੈੱਸ ਕਾਨਫਰੰਸ ਕਰਕੇ ਆਪਣੀ ਗੱਲ ਰੱਖਣ ਨੂੰ ਤਰਜੀਹ ਦਿੱਤੀ। ਨਵਜੋਤ ਸਿੱਧੂ ਨੇ ਕਿਹਾ ਕਿ ਪੰਜਾਬ ਵੱਲੋਂ ਕਿਸਾਨਾਂ ਤੋਂ ਐੱਮਐੱਸਪੀ 'ਤੇ ਮਾਰਕਫੈੱਡ ਅਤੇ ਪਨਸਪ ਜ਼ਰੀਏ ਦਾਲਾਂ ਦੀ ਖਰੀਦ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ ਫਲ ਅਤੇ ਸਬਜ਼ੀਆਂ ਦੀ ਸਰਕਾਰੀ ਖਰੀਦ ਦਾ ਭਰੋਸਾ ਦਿਵਾਇਆ ਜਾਵੇ। ਪੰਜ ਪਿੰਡਾਂ ਪਿੱਛੇ ਇੱਕ ਕੋਲਡ ਸਟੋਰ ਬਣਾਇਆ ਜਾਵੇ। ਨਵਜੋਤ ਸਿੱਧੂ ਨੇ ਕੇਂਦਰੀ ਖੇਤੀ ਕਾਨੂੰਨਾਂ ਨੂੰ ਗ਼ੈਰ ਸੰਵਿਧਾਨਿਕ ਅਤੇ ਗ਼ੈਰਕਾਨੂੰਨੀ ਦੱਸਦਿਆਂ ਕਿਹਾ ਕਿ ਇਹ ਸੰਘੀ ਢਾਂਚੇ ਉੱਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ ਇਹ ਖੇਤੀਬਾੜੀ ਕਾਨੂੰਨਾਂ ਸਬੰਧੀ ਐਗਰੀਕਲਚਰ ਅਤੇ ਮਾਰਕਿਟ ਦਾ 7ਵਾਂ ਸ਼ਡਿਊਲ ਸਾਫ਼ ਕਹਿੰਦਾ ਹੈ ਕਿ ਇਹ ਰਾਜਾਂ ਦਾ ਅਧਿਕਾਰ ਹੈ। ਨਵਜੋਤ ਸਿੱਧੂ ਨੇ ਕਿਹਾ ਕਿ ਕੇਂਦਰੀ ਖੇਤੀ ਕਾਨੂੰਨਾਂ ਖ਼ਿਲਾਫ਼ ਹੋਰ ਵੀ ਠੋਸ ਕਦਮ ਚੁੱਕੇ ਜਾਣ ਦੀ ਲੋੜ ਹੈ।





DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ– ਸੰਨੀ ਸੰਧਰ 604-727-2421

# ਮਾਂ ਬੋਲੀ ਦਿਵਸ ਨੂੰ ਸਮਰਪਿਤ ਆਨਲਾਈਨ ਸੰਵਾਦ ਤੇ ਕਵੀ ਦਰਬਾਰ ਦਾ ਸਫਲ ਆਯੋਜਨ

ਬਰਮਿੰਗਮ-ਇੰਗਲੈਂਡ ਵੱਸਦੇ ਪੰਜਾਬੀ ਭਾਈਚਾਰੇ ਵੱਲੋਂ ਮਾਂ ਬੋਲੀ ਦਿਵਸ ਨੂੰ ਸਮਰਪਿਤ ਸਾਹਿਤਕ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਵਿਚਾਰ ਚਰਚਾ ਅਤੇ ਕਵੀ ਦਰਬਾਰ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਯੂਰਪੀ ਪੰਜਾਬੀ ਸੱਥ ਯੂਕੇ ਦੇ ਸੰਚਾਲਕ ਮੋਤਾ ਸਿੰਘ ਸਰਾਏ ਨੇ ਕੀਤੀ ਅਤੇ ਇੰਗਲੈਂਡ ਦੇ ਈਲਿੰਗ ਸ਼ਹਿਰ ਤੋਂ ਮੈਂਬਰ ਪਾਰਲੀਮੈਂਟ ਸ਼੍ਰੀ ਵਰਿੰਦਰ ਸ਼ਰਮਾ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਏ। ਇਸ ਸਮਾਗਮ ਵਿੱਚ ਬੁਲਾਰਿਆਂ ਵਜੋਂ ਮੈਡਮ ਸ਼ਗੁਫਤਾ ਗਿੰਮੀ ਲੋਧੀ ਤੇ ਨਾਵਲਕਾਰ ਮਹਿੰਦਰਪਾਲ ਧਾਲੀਵਾਲ ਨੇ ਸਿ?ਰਕਤ ਕੀਤੀ। ਮੋਤਾ ਸਿੰਘ ਸਰਾਏ ਨੇ ਇਸ ਸਮੇਂ ਬੋਲਦੇ ਹੋਏ ਮਾਂ ਬੋਲੀ ਦੀ ਮਹਾਨਤਾ ਬਾਰੇ ਸਭ ਨਾਲ ਵਿਚਾਰ ਸਾਂਝੇ ਕੀਤੇ। ਐਮ ਪੀ ਸ੍ਰੀ ਵਰਿੰਦਰ ਸ਼ਰਮਾ ਨੇ ਇੰਗਲੈਂਡ ਵਿੱਚ ਹੋ ਰਹੀ ਜਨਗਣਨਾ ਵਿੱਚ ਪੰਜਾਬੀ ਬੋਲੀ ਪ੍ਰਤੀ ਦਿਖਾਈ ਜਾ ਰਹੀ ਕਾਰਗੁਜ਼ਾਰੀ ਤੇ ਇਸਦੀ ਲੋੜ ਤੇ ਜੋਰ ਦਿੱਤਾ। ਬੀਬੀ ਸ਼ਗੁਫਤਾ ਅਤੇ ਮਹਿੰਦਰਪਾਲ ਧਾਲੀਵਾਲ ਨੇ ਵੀ ਪੰਜਾਬੀ ਬੋਲੀ ਨਾਲ ਲੋਕਾਂ ਵੱਲੋਂ ਦਿਖਾਈ ਜਾ ਰਹੀ ਮੁਹੱਬਤ ਪ੍ਰਤੀ ਚਾਨਣਾ ਪਾਇਆ। ਇਸ ਤੋਂ ਉਪਰੰਤ ਕੀਤੇ ਗਏ ਕਵੀ ਦਰਬਾਰ ਵਿੱਚ ਸਾਉਥਹਾਲ ਸਾਹਿਤ ਕਲਾ ਕੇਂਦਰ ਦੀ ਪ੍ਰਧਾਨ ਕੁਲਵੰਤ ਕੌਰ ਢਿੱਲੋਂ, ਨੁਜ਼ਹੱਤ ਅਬੱਾਸ ਆਕਸਫੋਰਡ, ਗੁਰਚਰਨ ਸੱਗੂ, ਪ੍ਰਕਾਸ਼ ਸੋਹਲ, ਭੁਪਿੰਦਰ ਸੱਗੂ, ਮਨਜੀਤ ਪੱਡਾ, ਅਮਨਦੀਪ ਸਿੰਘ ਅਮਨ ਗਲਾਸਗੋ, ਰਾਣੀ ਮਲਿਕ ਲੰਡਨ, ਨਛੱਤਰ ਭੋਗਲ, ਦਲਜਿੰਦਰ ਰਹਿਲ ਇਟਲੀ, ਸੋਹੀ ਜੋਤ ਕੈਨੇਡਾ, ਰਵਿੰਦਰ ਕੁੰਦਰਾ, ਦੁਖਭੰਜਨ ਰੰਧਾਵਾ, ਗੁਰਮੇਲ ਕੌਰ ਸੰਘਾ, ਪ੍ਰੋ ਨਵਰੂਪ ਕੌਰ ਹੰਸ ਰਾਜ ਮਹਾਂਵਿਦਿਆਲਾ ਜਲੰਧਰ, ਰੂਪ ਦਵਿੰਦਰ ਅਤੇ ਹੋਰਾਂ ਨੇ ਬਾਖੂਬੀ ਰੰਗ ਬੰਨਿਆ। ਸਮਾਗਮ ਦੇ ਅੰਤ ਵਿੱਚ ਮੋਤਾ ਸਿੰਘ ਸਰਾਏ, ਪ੍ਰੋ ਜਸਪਾਲ ਸਿੰਘ ਇਟਲੀ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਸਮਾਗਮ ਦੀ ਸੰਚਾਲਨਾ ਪ੍ਰਸਿੱਧ ਟੀਵੀ ਪੇਸ਼ਕਰਤਾ ਰੂਪ ਦਵਿੰਦਰ ਅਤੇ ਬਲਵਿੰਦਰ ਸਿੰਘ ਚਾਹਲ ਵੱਲੋਂ ਇੱਕ ਵੱਖਰੇ ਤੇ ਪ੍ਰਭਾਵਸ਼ਾਲੀ ਅੰਦਾਜ ਵਿੱਚ ਕੀਤੀ ਗਈ। ਅੰਤ ਵਿੱਚ ਇਸ ਸਮਾਗਮ ਨੂੰ ਉਲੀਕਣ ਤੋਂ ਲੈ ਕੇ ਨੇਪਰੇ ਚਾੜਨ ਤੱਕ ਸਭ ਵੱਲੋਂ ਮਿਲੇ ਸਹਿਯੋਗ ਦਾ ਧੰਨਵਾਦ ਕੁਲਵੰਤ ਕੌਰ ਢਿੱਲੋਂ ਕੀਤਾ ਗਿਆ।







# ਵੈਨਕੂਵਰ ਵਿਚਾਰ ਮੰਚ ਵਲੋਂ ਸਰਦੂਲ ਸਿਕੰਦਰ ਤੇ ਜਗਜੀਤ ਜ਼ੀਰਵੀ ਦੇ ਚਲਾਣੇ ਤੇ ਸ਼ੋਕ ਪ੍ਰਗਟ

ਸਰੀ (ਹਰਦਮ ਮਾਨ)-ਵੈਨਕੂਵਰ:ਵੈਨਕੂਵਰ ਵਿਚਾਰ ਮੰਚ ਵਲੋਂ ਸੰਗੀਤ ਜਗਤ ਦੀਆਂ ਉਘੀਆਂ ਸ਼ਖਸੀਅਤਾਂ ਜਗਜੀਤ ਜ਼ੀਰਵੀ ਅਤੇ ਸਰਦੂਲ ਸਿਕੰਦਰ ਦੇ ਚਲਾਣੇ ਉਪਰੰਤ ਸ਼ੋਕ ਦਾ ਪ੍ਰਗਟਾਵਾ ਕੀਤਾ ਤੇ ਇਸ ਨੂੰ ਪੰਜਾਬੀ ਸਾਹਿਤ ਤੇ ਸੰਗੀਤ ਜਗਤ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ ਹੈ। ਚਿਤਰਕਾਰ ਜਰਨੈਲ ਸਿੰਘ ਦੀ ਸੰਚਾਲਨਾ ਹੇਠ ਹੋਈ ਵਿਸ਼ੇਸ਼ ਜ਼ੂਮ ਮੀਟਿੰਗ ਵਿਚ ਉਘੇ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਦੋਨੋਂ ਹੀ ਉੱਚ ਕੋਟੀ ਦੇ ਗਾਇਕ ਸਨ ਤੇ ਜਿਥੇ ਸਰਦੂਲ ਸਿਕੰਦਰ ਸਟਾਰ ਗਾਇਕ ਸੀ, ਜ਼ੀਰਵੀ ਹੋਰਾਂ ਦੀ ਗਾਇਕੀ ਸਾਹਿਤਕ ਸੀ। ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਦੋਨਾਂ ਹੀ ਗਾਇਕਾਂ ਦੀ ਅਪਣੇ ਅਪਣੇ ਖੇਤਰ ਵਿਚ ਵਿਲੱਖਣ ਪ੍ਰਾਪਤੀ ਤੇ ਸਥਾਨ ਸੀ। ਅੰਗਰੇਜ਼ ਬਰਾੜ ਨੇ ਉਹਨਾਂ ਨਾਲ ਅਪਣੀਆਂ ਨਿਜੀ ਯਾਦਾਂ ਸਾਂਝੀਆਂ ਕੀਤੀਆਂ। ਹਰਦਮ ਸਿੰਘ ਮਾਨ ਨੇ ਦੱਸਿਆ ਕਿ ਜ਼ੀਰਵੀ ਹੋਣਾਂ ਨੇ ਜੈਤੋ ਦੇ ਉਸਤਾਦ ਸ਼ਾਇਰ ਦੀਪਕ ਜੈਤੋਈ ਦੇ ਨਾਲ ਨਾਲ ਸ਼ਿਵ ਕੁਮਾਰ, ਸ.ਸ. ਮੀਸ਼ਾ, ਗੁਰਚਰਨ ਰਾਮਪੁਰੀ ਤੇ ਹੋਰਨਾਂ ਸ਼ਾਇਰਾਂ ਦੀਆਂ ਗਜ਼ਲਾਂ ਨੂੰ ਆਪਣੀ ਸੁਰੀਲੀ ਆਵਾਜ਼ ਵਿਚ ਗਾ ਕੇ ਮਕਬੂਲੀਅਤ ਪ੍ਰਦਾਨ ਕੀਤੀ। ਚਿਤਰਕਾਰ ਜਰਨੈਲ ਸਿੰਘ ਨੇ ਜ਼ੀਰਵੀ ਹੋਰਾਂ ਨਾਲ ਪਰਿਵਾਰਕ ਸਾਂਝ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਦੋਨੋ ਹੀ ਵੱਡੇ ਕਲਾਕਾਰ ਸਨ। ਸ਼ਾਇਰ ਜਸਵਿੰਦਰ ਨੇ ਵੀ ਜ਼ੀਰਵੀ ਹੋਰਾਂ ਦੀ ਸਾਹਿਤਕ ਗਾਇਕੀ ਨਾਲ ਪ੍ਰਤੀਬੱਧਤਾ ਦਾ ਵਿਸ਼ੇਸ਼ ਜ਼ਿਕਰ ਕੀਤਾ। ਪਰਮਜੀਤ ਸੇਖੋਂ, ਚਮਕੌਰ ਸਿੰਘ ਸੇਖੋਂ ਤੇ ਨਵਦੀਪ ਗਿੱਲ ਨੇ ਵੀ ਸਰਦੂਲ ਸਿਕੰਦਰ ਅਤੇ ਜਗਜੀਤ ਜ਼ੀਰਵੀ ਦੇ ਵਿਛੋੜੇ ਨੂੰ ਵੱਡਾ ਘਾਟਾ ਦੱਸਿਆ।






## ਸੰਪਾਦਕੀ

# ਪ੍ਰਵਾਸੀ ਭਾਰਤੀ ਭਾਈਚਾਰੇ 'ਚ ਨ਼ਫਰਤ ਦੇ ਬੀਜ਼ ਬੋਣ ਦੀ ਸਾਜਿਸ਼ ?

**ਸੁਖਵਿੰਦਰ ਸਿੰਘ ਚੋਹਲਾ**

ਭਾਰਤ ਵਿਚ ਚੱਲ ਰਹੇ ਕਿਸਾਨ ਅੰਦੋਲਨ ਨੂੰ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਵਲੋਂ ਭਾਰੀ ਸਮਰਥਨ ਦਿੱਤਾ ਜਾ ਰਿਹਾ ਹੈ। ਅਮਰੀਕਾ, ਕੈਨੇਡਾ, ਯੂਕੇ ਅਤੇ ਇਟਲੀ ਵਿਚ ਕਿਸਾਨ ਅੰਦੋਲਨ ਦੇ ਹੱਕ ਵਿਚ ਪਰਵਾਸੀ ਪੰਜਾਬੀਆਂ ਵਲੋਂ ਰੈਲੀਆਂ ਤੇ ਪ੍ਰਦਰਸ਼ਨ ਲਗਾਤਾਰ ਆਯੋਜਿਤ ਕੀਤੇ ਜਾ ਰਹੇ ਹਨ। ਵਿਦੇਸ਼ਾਂ ਚੋ ਮਿਲ ਰਹੇ ਸਮਰਥਨ ਨੂੰ ਮੋਦੀ ਸਰਕਾਰ ਦੁਆਰਾ ਵਿਦੇਸ਼ੀ ਦਖਲ ਕਰਾਰ ਦਿੰਦਿਆਂ ਅੰਦੋਲਨਕਾਰੀਆਂ ਉਪਰ ਦੇਸ਼ ਵਿਰੋਧੀ ਤਾਕਤਾਂ ਦੇ ਹੱਥਾਂ ਵਿਚ ਖੇਡਣ ਦੇ ਦੋਸ਼ ਲਗਾਏ ਜਾ ਰਹੇ ਹਨ। ਸਰਕਾਰ ਵਲੋਂ ਸਭ ਤੋ ਪਹਿਲਾਂ ਵਿਦੇਸ਼ਾਂ ਤੋ ਅੰਦੋਲਨ ਦੇ ਸਮਰਥਨ ਵਿਚ ਆਉਣ ਵਾਲੀ ਮਾਲੀ ਇਮਦਾਦ ਲਈ ਕੁਝ ਕਿਸਾਨ ਆਗੂਆਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਗਿਆ। ਅੰਦੋਲਨ ਨਾਲ ਜੁੜੇ ਆਗੂਆਂ ਤੇ ਸਮਰਥਕਾਂ ਨੂੰ ਨੈਸ਼ਨਲ ਸੁਰੱਖਿਆ ਏਜੰਸੀ ਦੁਆਰਾ ਨੋਟਿਸ ਜਾਰੀ ਕਰਵਾਕੇ ਡਰਾਉਣ ਦੇ ਯਤਨ ਕੀਤੇ ਗਏ। ਇਸ ਉਪਰੰਤ 26 ਜਨਵਰੀ ਨੂੰ ਲਾਲ ਕਿਲੇ ਉਪਰ ਕੇਸਰੀ ਨਿਸ਼ਾਨ ਝੁਲਾਏ ਜਾਣ ਦੀ ਘਟਨਾ ਨੂੰ ਦੇਸ਼ ਵਿਰੋਧੀ ਕਰਾਰ ਦਿੰਦਿਆਂ ਸਾਰਾ ਦੋਸ਼ ਕਿਸਾਨ ਆਗੂਆਂ ਖਿਲਾਫ ਮੜਨ ਦੀ ਕੋਸ਼ਿਸ਼ ਕੀਤੀ ਗਈ। ਅੱਜ ਵੀ ਲਾਲ ਕਿਲੇ ਦੀਆਂ ਦੀਆਂ ਹਿੰਸਕ ਘਟਨਾਵਾਂ ਨੂੰ ਕਿਸਾਨ ਅੰਦੋਲਨ ਅਤੇ ਆਗੂਆਂ ਨਾਲ ਜੋੜਕੇ ਉਹਨਾਂ ਨੂੰ ਬਦਨਾਮ ਕੀਤੇ ਜਾਣ ਦੀਆਂ ਨਿਰੰਤਰ ਕੋਸ਼ਿਸ਼ਾਂ ਹਨ ਤੇ ਗੋਦੀ ਮੀਡੀਆ ਪੂਰੀ ਤਰਾਂ ਸ਼ਰਮ ਹਯਾ ਨੂੰ ਤਿਲਾਂਜਲੀ ਦੇ ਚੁੱਕਾ ਹੈ। ਸਰਕਾਰ ਪੱਖੀ ਚੈਨਲਾਂ ਦਾ ਪੂਰਾ ਜ਼ੋਰ ਲੱਗਾ ਹੋਇਆ ਕਿ ਕਿਸਾਨ ਅੰਦੋਲਨ ਨੂੰ ਦੇਸ਼ ਵਿਰੋਧੀ ਕਿਵੇ ਸਾਬਿਤ ਕੀਤਾ ਜਾਵੇ। ਪ੍ਰਮੁੱਖ ਚੈਨਲਾਂ ਦੇ ਐਂਕਰ ਕਿੱਲ-ਕਿੱਲ ਕੇ ਕਿਸਾਨ ਅੰਦੋਲਨ ਨੂੰ ਦੇਸ਼ ਲਈ ਖਤਰਾ ਸਾਬਿਤ ਕਰਨ ਉਪਰ ਲੱਗੇ ਹੋਏ ਹਨ। ਕਿਸਾਨ ਆਗੂਆਂ ਨੂੰ ਲਾਈਵ ਲੈਂਦਿਆਂ ਉਹਨਾਂ ਦੀਆਂ ਮੰਗਾਂ ਜਾਂ ਤੌਖਲਿਆਂ ਪ੍ਰਤੀ ਕੋਈ ਤਰਕ ਦਲੀਲ ਨਹੀ ਬੱਸ 26 ਜਨਵਰੀ, ਲਾਲ ਕਿਲਾ ਤੇ ਹਿੰਸਕ ਘਟਨਾਵਾਂ ਨੂੰ ਅੰਦੋਲਨਕਾਰੀ ਕਿਸਾਨਾਂ ਸਿਰ ਮੜੇ ਜਾਣ ਦਾ ਹੀ ਬਿਰਤਾਂਤ ਹੈ।

ਸਰਕਾਰ ਨੇ ਆਪਣੀ ਵਲੋਂ ਤਿਆਰ ਕੀਤੀ ਸਕਰਿਪਟ ਮੁਤਾਬਿਕ 26 ਜਨਵਰੀ ਦੀ ਘਟਨਾ ਉਪਰੰਤ ਕਿਸਾਨ ਅੰਦੋਲਨ ਨੂੰ ਸਮੇਟਣ ਦਾ ਪ੍ਰਬੰਧ ਤਾਂ ਕਰ ਲਿਆ ਸੀ ਪਰ "ਸੱਚ ਨੂੰ ਆਂਚ ਨਹੀ" ਵਾਲੀ ਕਹਾਵਤ ਵਾਂਗ ਝੂਠ ਖੁਦ ਹੀ ਬੇਪਰਦ ਹੋ ਗਿਆ। ਪਰ 'ਸੱਟ ਖਾਧੇ ਸੱਪ' ਵਾਂਗ ਸਰਕਾਰ ਅੱਜ ਵੀ ਵਿਸ ਘੋਲ ਰਹੀ ਪ੍ਰਤੀਤ ਹੋ ਰਹੀ ਹੈ। ਰੱਬ ਖੈਰ ਕਰੇ...

ਕਿਸਾਨ ਅੰਦੋਲਨ ਨੂੰ ਵਿਦੇਸ਼ਾਂ ਚੋ ਮਿਲ ਰਹੇ ਸਮਰਥਨ ਨੂੰ ਲੈਕੇ ਸਰਕਾਰ ਦੀ 'ਤਕਲੀਫ' ਨੂੰ ਸਮਝਿਆ ਜਾ ਸਕਦਾ ਹੈ। ਪਰ ਇਸਤੋ ਵੀ ਵੱਧ ਤਕਲੀਫਦੇਹ ਹੈ ਕਿਸਾਨ ਅੰਦੋਲਨ ਨੂੰ ਇਕ ਫਿਰਕੇ ਨਾਲ ਜੋੜਨ ਦੀ ਸਾਜਿਸ਼। ਇਹ ਪ੍ਰਚਾਰਨ ਦਾ ਯਤਨ ਕੀਤਾ ਜਾ ਰਿਹਾ ਹੈ ਕਿ ਵਿਦੇਸ਼ਾਂ ਵਿਚ ਕਿਸਾਨ ਅੰਦੋਲਨ ਦੀ ਹਮਾਇਤ ਕੇਵਲ ਸਿੱਖ ਭਾਈਚਾਰਾ ਹੀ ਕਰ ਰਿਹਾ ਹੈ। ਸਿੱਖ ਭਾਈਚਾਰੇ ਵਿਚ ਵੀ ਖਾਲਿਸਤਾਨੀ ਸੋਚ ਵਾਲੇ ਲੋਕ ਆਪਣੇ ਕਿਸੇ ਗੁਪਤ ਏਜੰਡੇ ਤਹਿਤ ਇਸ ਅੰਦੋਲਨ ਦੀ ਆੜ ਵਿਚ ਭਾਰਤ ਦੀ ਵਿਰੋਧਤਾ ਕਰ ਰਹੇ ਹਨ। ਸਰਕਾਰੀ ਧਿਰ ਦੇ ਲੋਕ ਲਾਲ ਕਿਲੇ ਦੀ ਘਟਨਾ ਨੂੰ ਕੇਵਲ ਤਿਰੰਗੇ ਦੇ ਅਪਮਾਨ ਨਾਲ ਜੋੜਨ ਦੀ ਕੋਸ਼ਿਸ਼ ਵਿਚ ਹਨ। ਇਹੀ ਲੋਕ ਕਿਸਾਨ ਰੈਲੀਆਂ ਦੌਰਾਨ ਝੂਲਦੇ ਕੇਸਰੀ ਝੰਡਿਆਂ ਦੇ ਮੁਕਾਬਲੇ ਤਿਰੰਗੇ ਲਹਿਰਾਉਣ ਦੀ ਪ੍ਰੇਰਨਾ ਦਿੰਦੇ ਹਨ। ਸ਼ਾਇਦ ਇਸੇ ਤਹਿਤ ਹੀ ਵਿਦੇਸ਼ਾਂ ਵਿਚ ਵਸਦੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਤਿਰੰਗਾ ਰੈਲੀਆਂ ਆਯੋਜਿਤ ਕਰਨ ਲਈ ਕਿਹਾ ਗਿਆ।

ਕੈਨੇਡਾ ਤੇ ਅਮਰੀਕਾ ਦੇ ਵੱਡੇ ਸ਼ਹਿਰਾਂ ਵਿਚ ਇਹਨਾਂ ਲੋਕਾਂ ਵਲੋਂ ਮੁਕਾਬਲੇ ਵਜੋ ਤਿਰੰਗਾ ਰੈਲੀਆਂ ਕੱਢੀਆਂ ਗਈਆਂ ਹਨ। ਭਾਰਤੀ ਭਾਈਚਾਰੇ ਵਿਚ ਕੁੜੱਤਣ ਪੈਦਾ ਕਰਨ ਦੀ ਕੋਸ਼ਿਸ਼ ਤਹਿਤ ਕਿਹਾ ਜਾ ਰਿਹਾ ਹੈ ਕਿ ਤਿਰੰਗਾ ਰੈਲੀਆਂ ਉਪਰੰਤ ਇਹਨਾਂ ਵਿਚ ਸ਼ਾਮਿਲ ਹੋਣ ਵਾਲੇ ਲੋਕਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਜਦਕਿ ਅਸਲੀਅਤ ਇਹ ਹੈ ਕਿ ਅਜਿਹਾ ਨਫਰਤੀ ਪ੍ਰਚਾਰ ਵੀ ਕਿਸਾਨ ਅੰਦੋਲਨ ਖਿਲਾਫ ਸਾਜਿਸ਼ ਦਾ ਹੀ ਇਕ ਹਿੱਸਾ ਹੈ। ਵੈਨਕੂਵਰ ਵਿਚ ਤਿਰੰਗਾ ਰੈਲੀ ਵਿਚ ਸ਼ਾਮਿਲ ਹੋਣ ਵਾਲੇ ਇਕ ਵਿਅਕਤੀ ਨੇ ਉਸਦੇ ਬਿਜਨੈਸ ਦੇ ਬਾਹਰ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਨੂੰ ਇਹ ਸਪੱਸ਼ਟ ਕੀਤਾ ਸੀ ਕਿ ਉਹ ਖੁਦ ਇਕ ਕਿਸਾਨ ਪਰਿਵਾਰ ਨਾਲ ਸਬੰਧਿਤ ਹੈ ਤੇ ਕਿਸਾਨ ਅੰਦੋਲਨ ਦਾ ਹਮਾਇਤੀ ਹੈ। ਸਵਾਲ ਹੈ ਕਿ ਅਗਰ ਉਹ ਕਿਸਾਨ ਅੰਦੋਲਨ ਦਾ ਹਮਾਇਤੀ ਹੈ ਤਾਂ ਉਸਨੂੰ ਇਕ ਇੰਡੀਅਨ ਚੈਨਲ ਨਾਲ ਇੰਟਰਵਿਊ ਦੌਰਾਨ ਅਜਿਹਾ ਕਿਉ ਕਹਿਣਾ ਪਿਆ ਕਿ ਉਸਨੂੰ ਖਾਲਿਸਤਾਨੀ ਸਮਰਥਕਾਂ ਤੋ ਖਤਰਾ ਹੈ। ਉਹ ਖੁਦ ਨੂੰ ਕੈਨੇਡਾ ਵਿਚ ਅਸੁਰੱਖਿਅਤ ਮਹਿਸੂਸ ਕਰਦਿਆਂ ਭਾਰਤ ਪਰਤ ਆਇਆ ਹੈ। ਇਸ ਵਿਅਕਤੀ ਵਲੋਂ ਟੀ ਵੀ ਚੈਨਲ ਉਪਰ ਉਸਦੇ ਬਿਜਨੈਸ ਬਾਈਕਾਟ ਦੀਆਂ ਤਸਵੀਰਾਂ ਪੇਸ਼ ਕੀਤੀਆਂ ਗਈਆਂ ਜਦੋਂਕਿ ਘਟਨਾ ਵਾਲੇ ਦਿਨ ਅਜਿਹਾ ਕੁਝ ਵੀ ਨਹੀ ਸੀ ਵਾਪਰਿਆ। ਪ੍ਰਦਰਸ਼ਨਕਾਰੀਆਂ ਨੂੰ ਖਾਲਿਸਤਾਨੀ ਝੰਡੇ ਮੁਹੱਈਆ ਕਰਵਾਏ ਜਾਣ ਦੀ ਚਰਚਾ ਬਾਰੇ ਕੀ ਕਿਹਾ ਜਾਵੇ ?

ਅੰਦਲਨਕਾਰੀਆਂ ਦੇ ਡਰਾਏ ਇਸ ਵਿਅਕਤੀ ਵਾਂਗ ਬਰੈਂਪਟਨ ਅਤੇ ਕੈਲਗਰੀ ਦੇ ਵੀ ਇਕ- ਦੋ ਵਿਅਕਤੀਆਂ ਨੇ ਉਹਨਾਂ ਨੂੰ ਫੋਨ ਉਪਰ ਖਾਲਿਸਤਾਨੀ ਸਮਰਥਕਾਂ ਦੁਆਰਾ ਧਮਕੀਆਂ ਦਿੱਤੇ ਜਾਣ ਦੇ ਦੋਸ਼ ਲਗਾਏ ਹਨ। ਇਹਨਾਂ ਖਬਰਾਂ ਨੂੰ ਗੋਦੀ ਮੀਡੀਆ ਵਲੋਂ ਹੁੱਬਕੇ ਪ੍ਰਚਾਰਿਆ ਜਾ ਰਿਹਾ ਹੈ।

ਅਜਿਹੇ ਵਿਚ ਹੀ ਵੈਨਕੂਵਰ ਦੇ ਹਿੰਦੂ ਭਾਈਚਾਰੇ ਨਾਲ ਸਬੰਧਿਤ ਕੁਝ ਲੋਕਾਂ ਨੇ ਇਕੱਠੇ ਹੋਕੇ ਐਨ ਡੀ ਪੀ ਆਗੂ ਅਤੇ ਬਰਨਬੀ ਤੋਂ ਐਮ ਪੀ ਜਗਮੀਤ ਸਿੰਘ ਦੇ ਹਲਕਾ ਦਫਤਰ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਹੈ। ਪ੍ਰਦਰਸ਼ਨਕਾਰੀਆਂ ਦਾ ਦੋਸ਼ ਸੀ ਕਿ ਜਗਮੀਤ ਸਿੰਘ ਕਿਸਾਨ ਅੰਦੋਲਨ ਦੇ ਉਹਲੇ ਖਾਲਿਸਤਾਨੀਆਂ ਦੀ ਹਮਾਇਤ ਕਰ ਰਹੇ ਹਨ। ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਉਹਨਾਂ ਜਗਮੀਤ ਸਿੰਘ ਦੀ ਗੈਰ ਹਾਜ਼ਰੀ ਵਿਚ ਉਹਨਾਂ ਦੇ ਸਟਾਫ ਨੂੰ ਸੌਂਪੇ ਇਕ ਮੰਗ ਪੱਤਰ ਵਿਚ ਲਿਖਿਆ ਹੈ ਕਿ ਕੈਨੇਡਾ ਵਿਚ ਵਸਦੇ ਹਿੰਦੂ ਭਾਈਚਾਰੇ ਦੇ ਲੋਕਾਂ ਨੂੰ ਖਾਲਿਸਤਾਨੀ ਲੋਕਾਂ ਤੋ ਖਤਰਾ ਹੈ। ਇਹ ਲੋਕ ਉਹਨਾਂ ਨੂੰ ਫੋਨ ਉਪਰ ਹਿੰਦੂ ਕੱਟੜਪੰਥੀ, ਮੂਤ ਪੀਣੇ, ਮੋਦੀ ਦੇ ਚਮਚੇ, ਬੁੱਤ ਪੂਜਕ ਅਤੇ ਕਿਸਾਨੀ ਦੇ ਦੁਸ਼ਮਣ ਵਗੈਰਾ ਵਗੈਰਾ ਕਈ ਤਰਾਂ ਦੀਆਂ ਗਾਲਾਂ ਨਾਲ ਅਪਮਾਨਤ ਕਰ ਰਹੇ ਹਨ। ਉਹਨਾਂ ਦਾ ਦੋਸ਼ ਹੈ ਕਿ ਜਿਸ ਖਾਲਿਸਤਾਨੀ ਮੁਹਿੰਮ ਦਾ ਤੁਸੀਂ ਸਮਰਥਨ ਕਰ ਰਹੇ ਹੋ ਉਹ ਕੈਨੇਡਾ ਵਿਚ ਵਸਦੇ ਹਿੰਦੂਆਂ ਲਈ ਵੱਡਾ ਖਤਰਾ ਬਣ ਗਈ ਹੈ। ਹਿੰਦੂ ਪ੍ਰਦਰਸ਼ਨਕਾਰੀਆਂ ਨੇ ਆਪਣੇ ਇਸ ਮੰਗ ਪੱਤਰ ਵਿਚ ਸੋਸ਼ਲ ਮੀਡੀਆ ਉਪਰ ਹਿੰਦੂ ਭਾਈਚਾਰੇ ਖਿਲਾਫ ਫੈਲਾਈ ਜਾ ਰਹੀ ਨਫਰਤ ਨੂੰ ਰੋਕਣ, ਹਿੰਦੂ-ਸਿੱਖ ਭਾਈਚਾਰੇ ਵਿਚਾਲੇ ਸਾਂਝ ਵਧਾਉਣ ਅਤੇ ਕੈਨੇਡੀਅਨ ਲੋਕਾਂ ਦੇ ਹਿੱਤਾਂ ਦੀ ਸੁਰੱਖਿਆ ਲਈ ਅੱਗੇ ਆਉਣ ਦੀ ਮੰਗ ਕੀਤੀ ਹੈ। ਇੰਡੀਅਨ ਕੌਂਸਲੇਟ ਦੇ ਬਾਹਰ ਤਿਰੰਗਾ ਰੈਲੀਆਂ, ਰੈਲੀਆਂ ਵਿਚ ਸ਼ਾਮਿਲ ਲੋਕਾਂ ਨੂੰ ਧਮਕੀਆਂ ਦੀਆਂ ਖਬਰਾਂ ਤੇ ਹੁਣ ਐਨ ਡੀ ਪੀ ਆਗੂ ਜਗਮੀਤ ਸਿੰਘ ਦੇ ਦਫਤਰ ਦੇ ਬਾਹਰ ਇਸ ਕਿਸਮ ਦੇ ਪ੍ਰਦਰਸ਼ਨ ਤੋ ਸਮਝਣਾ ਬਣਦਾ ਹੈ ਕਿ ਕਿਸਾਨ ਅੰਦੋਲਨ ਨੂੰ ਖਦੇੜਨ ਦੀਆਂ ਚਾਹਵਾਨ ਤਾਕਤਾਂ ਕਿਸ ਹੱਦ ਤੱਕ ਪੱਬਾਂ ਭਾਰ ਹਨ। ਕਿਸਾਨ ਅੰਦੋਲਨ ਨੂੰ ਵੱਖਵਾਦੀ ਤੇ ਖਾਲਿਸਤਾਨੀ ਧਿਰਾਂ ਨਾਲ ਜੋੜਨ ਦੀਆਂ ਕੋਸ਼ਿਸ਼ਾਂ ਤਾਂ ਹਨ ਹੀ ਪਰ ਵੱਡੀ ਚਿੰਤਾ ਇਹ ਹੈ ਕਿ ਕੈਨੇਡਾ ਵਰਗੇ ਆਜ਼ਾਦ ਅਤੇ ਮਾਨਵੀ ਹੱਕਾਂ ਦਾ ਸਤਿਕਾਰ ਕਰਨ ਵਾਲੇ ਸਮਾਜ ਵਿਚ ਵੀ ਨਸਲੀ ਨਫਰਤ ਫੈਲਾਉਣ ਦੇ ਯਤਨ ਹੋ ਰਹੇ ਹਨ। ਕੈਨੇਡੀਅਨ ਸਮਾਜ ਵਿਚ ਅਜਿਹੀ ਨਸਲੀ ਨਫਰਤ ਲਈ ਕੋਈ ਥਾਂ ਨਹੀ। ਵਿਦੇਸ਼ਾਂ ਵਿਚ ਆਪਣੀ ਮਿਹਨਤ ਅਤੇ ਕਾਬਲੀਅਤ ਦੇ ਬਲਬੂਤੇ ਖੁਸ਼ਹਾਲ ਜਿੰਦਗੀ ਜਿਉਣ ਵਾਲੇ ਪਰਵਾਸੀ ਭਾਰਤੀ ਭਾਈਚਾਰੇ ਨੂੰ ਅਜਿਹੇ ਨਸਲੀ ਅਨਸਰਾਂ ਤੇ ਨਫਰਤ ਦੇ ਵਣਜਾਰਿਆਂ ਤੋ ਸੁਚੇਤ ਰਹਿਣ ਦੀ ਲੋੜ ਹੈ।

CAN-AM LUMBER MILL
WE CAN NOW SUPPLY COMPLETE HOME PACKAGE
Engineered Floor Joists, Roof Trusses
All the Framing lumber, Plywoods for Floors, Walls & Roof
Always Low Prices
2X6X8' Kiln Dry Fir $4.95 EA
1X4 Red Cedar 10' $2.95 EA
4X8X3/8" Paint Grade Plywood $21.95 EA
4X8X1/2" Paint Grade Plywood $29.95 EA
*APNA PUNJABI LUMBER YARD*
RING: MALKIT OR SAM SANGHA
604-580-1415
11635 130th St., Surrey, FAX: 604-580-1528
Email: can-ambuildingsupply@shaw.ca
We Deliver to Your Job Site
(Even to the Moon)
"Where the Builders Buy"

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)

Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey

HARDEV SINGH GREWAL
Mortgage Consultant
Cell: 604-500-3920
www.homelandmortgage.ca,
homelandmortgage@hotmail.com
KULDIP S PANESAR
Senior Mortgage Advisor
Cell: 604-308-6839

# ਧਨੀ ਪਿੰਡ ਦੇ ਗੁਰਮੀਤ ਸਿੰਘ ਕੂਨਰ ਐੱਨ.ਆਰ.ਆਈ ਵਿੰਗ ਯੂ.ਕੇ. ਦੇ ਜਨਰਲ ਸਕੱਤਰ ਨਿਯੁਕਤ



ਜੰਡਿਆਲਾ ਮੰਜਕੀ-ਨਜ਼ਦੀਕੀ ਧਨੀ ਪਿੰਡ ਦੇ ਸਾਬਕਾ ਸਰਪੰਚ ਅਤੇ ਸੀਨੀਅਰ ਕਾਂਗਰਸੀ ਆਗੂ ਮਹਿੰਦਰ ਸਿੰਘ ਕੂਨਰ ਦੇ ਬੇਟੇ ਗੁਰਮੀਤ ਸਿੰਘ ਕੂਨਰ ਦੀਆਂ ਪਾਰਟੀ ਅਤੇ ਜਥੇਬੰਦੀ ਪ੍ਰਤੀ ਸੇਵਾਵਾਂ ਨੂੰ ਦੇਖਦਿਆਂ ਸ੍ਰੀ ਸੁਭਾਸ਼ ਸੋਲੰਕੀ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਰਾਹੁਲ ਗਾਂਧੀ ਬ੍ਰਿਗੇਡ ਵੱਲੋਂ ਬ੍ਰਿਗੇਡ ਦੇ ਐਨਆਰਆਈ ਵਿੰਗ ਯੂਕੇ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ।ਗੁਰਮੀਤ ਸਿੰਘ ਕੂਨਰ ਨੇ ਕਿਹਾ ਕਿ ਉਨ੍ਹਾਂ ਨੂੰ ਸੌਂਪੀ ਗਈ ਜ਼ਿੰਮੇਵਾਰੀ ਉਹ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਸ੍ਰੀਮਤੀ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਵਲੋਂ ਦਿੱਤੇ ਗਏ ਆਦੇਸ਼ਾਂ ਦੀ ਪਾਲਣਾ ਕਰਨਗੇ।ਧਨੀ ਪਿੰਡ ਦੇ ਸਰਪੰਚ ਰਾਮ ਗੋਪਾਲ ,ਗ੍ਰਾਮ ਪੰਚਾਇਤ ਅਤੇ ਪਤਵੰਤਿਆਂ ਨੇ ਪਿੰਡ ਦੇ ਪਰਵਾਸੀ ਭਾਰਤੀ ਦੀ ਇਸ ਨਿਯੁਕਤੀ ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ।ਨੌਜਵਾਨ ਆਗੂ ਦੀਪਾ ਕੂਨਰ ਨੇ ਕਿਹਾ ਕਿ ਇਸ ਨਿਯੁਕਤੀ ਨਾਲ ਇਲਾਕੇ ਦਾ ਮਾਣ ਵਧਿਆ ਹੈ।










# ਮੰਤਰੀ ਮੰਡਲ ਵੱਲੋਂ ਅੰਮ੍ਰਿਤਸਰ ਰੇਲ ਹਾਦਸੇ ਦੇ 34 ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ/ਵਾਰਸਾਂ ਨੂੰ ਨੌਕਰੀਆਂ ਦੇਣ ਦੀ ਪ੍ਰਵਾਨਗੀ



ਚੰਡੀਗੜ੍ਹ-ਘੋਰ ਵਿੱਤੀ ਸੰਕਟ ਵਿੱਚੋਂ ਗੁਜ਼ਰ ਰਹੇ ਪੀੜਤ ਪਰਿਵਾਰਾਂ ਨੂੰ ਵੱਡੀ ਰਾਹਤ ਦਿੰਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੰਮ੍ਰਿਤਸਰ ਰੇਲ ਹਾਦਸੇ ਦੇ 34 ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ/ਵਾਰਸਾਂ ਨੂੰ ਵਿਸ਼ੇਸ਼ ਕੇਸ ਵਜੋਂ ਵਿਚਾਰਦੇ ਹੋਏ ਨਿਯਮਾਂ ਵਿੱਚ ਢਿੱਲ ਦਿੰਦਿਆਂ ਉਨ੍ਹਾਂ ਦੀ ਯੋਗਤਾ ਮੁਤਾਬਕ ਵੱਖ-ਵੱਖ ਵਿਭਾਗਾਂ/ਸੰਸਥਾਵਾਂ ਵਿੱਚ ਨੌਕਰੀਆਂ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਹ ਦੱਸਣਯੋਗ ਹੈ ਕਿ ਇਹ ਰੇਲ ਹਾਦਸਾ 19 ਅਕਤੂਬਰ, 2018 ਨੂੰ ਅੰਮ੍ਰਿਤਸਰ ਵਿਖੇ ਜੌੜੇ ਫਾਟਕ 'ਤੇ ਦੁਸਹਿਰੇ ਵਾਲੇ ਦਿਨ ਵਾਪਰਿਆ ਸੀ ਜਿਸ ਵਿੱਚ 58 ਵਿਅਕਤੀਆਂ ਦੀ ਮੌਤ ਹੋ ਗਈ ਸੀ ਜਦਕਿ 71 ਵਿਅਕਤੀ ਜ਼ਖ਼ਮੀ ਹੋ ਗਏ ਸਨ। ਇਹ ਪਰਿਵਾਰਕ ਮੈਂਬਰ ਤਰਸ ਦੇ ਆਧਾਰ 'ਤੇ ਨੌਕਰੀ ਲਈ ਸੂਬੇ ਦੀ ਮੌਜੂਦਾ ਨੀਤੀ ਅਤੇ ਇਸ ਨਾਲ ਸਬੰਧਤ 21 ਨਵੰਬਰ, 2002 ਦੀਆਂ ਹਦਾਇਤਾਂ ਦੇ ਦਾਇਰੇ ਹੇਠ ਨਹੀਂ ਆਉਂਦੇ ਸਨ। ਇਸ ਤੋਂ ਬਾਅਦ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਪ੍ਰਸਤਾਵ ਉਪਰ ਮੁੱਖ ਮੰਤਰੀ ਦਫ਼ਤਰ ਨੇ ਵਿਚਾਰ-ਵਟਾਂਦਰਾ ਕਰਨ ਉਪਰੰਤ ਫੈਸਲਾ ਕੀਤਾ ਕਿ 58 ਮ੍ਰਿਤਕਾਂ ਦੇ 34 ਪਰਿਵਾਰਾਂ ਨੂੰ ਉਨ੍ਹਾਂ ਦੀ ਯੋਗਤਾ ਦੇ ਹਿਸਾਬ ਨਾਲ ਸੂਬੇ ਦੇ ਵੱਖ-ਵੱਖ ਵਿਭਾਗਾਂ/ਸੰਸਥਾਵਾਂ ਵਿੱਚ ਨੌਕਰੀ ਲਈ ਵਿਚਾਰਿਆ ਜਾਵੇ।

# ਮੰਤਰੀ ਮੰਡਲ ਵੱਲੋਂ ਕੁਝ ਸ਼ਰਤਾਂ ਅਨੁਸਾਰ ਸਿਵਲ ਹਸਪਤਾਲ ਮੁਹਾਲੀ ਦੀ 0.92 ਏਕੜ ਵਾਧੂ ਜ਼ਮੀਨ ਮੈਕਸ ਹਸਪਤਾਲ ਨੂੰ ਦੇਣ ਸਬੰਧੀ ਮਨਜ਼ੂਰੀ

ਚੰਡੀਗੜ੍ਹ-ਮੈਕਸ ਹੈਲਥਕੇਅਰ ਗਰੁੱਪ ਦੀ ਬੇਨਤੀ ਨੂੰ ਸਵਿਕਾਰਦਿਆਂ, ਪੰਜਾਬ ਮੰਤਰੀ ਮੰਡਲ ਵੱਲੋਂ ਸਿਹਤ ਵਿਭਾਗ ਦੀ 0.92 ਏਕੜ ਜ਼ਮੀਨ 200 ਬੈੱਡਾਂ ਦੀ ਸਮਰੱਥਾ ਵਾਲੇ ਮੈਕਸ ਹਸਪਤਾਲ, ਮੁਹਾਲੀ ਨੂੰ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ ਤਾਂ ਜੋ ਇਸ ਹਸਪਤਾਲ ਦੀ ਸਮਰੱਥਾ ਵਿਚ 100 ਹੋਰ ਬੈਡ ਸ਼ਾਮਲ ਕੀਤੇ ਜਾ ਸਕਣ ਜਿਸ ਨਾਲ ਖਿੱਤੇ ਵਿੱਚ ਸਿਹਤ ਸਹੂਲਤਾਂ ਵਿੱਚ ਵਾਧਾ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਦਫਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਵੱਲੋਂ ਇਹ ਫੈਸਲਾ ਵਿੱਤ ਵਿਭਾਗ ਦੀਆਂ ਕੁਝ ਸ਼ਰਤਾਂ ਅਧੀਨ ਲਿਆ ਗਿਆ ਹੈ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਸਿਵਲ ਹਸਪਤਾਲ, ਮੁਹਾਲੀ ਦੀ ਉਕਤ ਜ਼ਮੀਨ ਨੂੰ ਟਰਾਂਸਫਰ ਕਰਨ ਲਈ ਮੈਕਸ ਹੈਲਥਕੇਅਰ ਨਾਲ ਰਿਆਇਤੀ ਸਮਝੌਤਾ ਕੀਤਾ ਗਿਆ ਹੈ। ਇਸ ਜ਼ਮੀਨ ਦੀ 389.57 ਲੱਖ ਰੁਪਏ ਫੀਸ ਦੇ ਨਾਲ, ਸਰਕਾਰ ਨੂੰ ਕੁੱਲ ਮਾਲੀਆ ਦਾ 5 ਫੀਸਦੀ ਵਾਧੂ ਮਾਲੀਆ ਹਾਸਲ ਹੋਵੇਗਾ ਜੋ ਮੈਕਸ ਵੱਲੋਂ 100 ਬੈਡ ਸ਼ਾਮਲ ਕਰਨ ਨਾਲ ਹਾਸਲ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕੋਵਿਡ-19 ਮਹਾਂਮਾਰੀ ਸਮੇਂ ਪਿਛਲੇ 10 ਮਹੀਨਿਆਂ ਦੌਰਾਨ, ਸਿਹਤ ਸੰਭਾਲ ਸਹੂਲਤਾਂ ਅਤੇ ਕੋਵਿਡ-19 ਮਰੀਜਾਂ ਦੇ ਪ੍ਰਬੰਧਨ ਅਤੇ ਇਲਾਜ ਲਈ ਪ੍ਰਾਈਵੇਟ ਹਸਪਤਾਲਾਂ ਦੀ ਭਾਗੀਦਾਰੀ ਵੱਡੀ ਪੱਧਰ 'ਤੇ ਸਾਹਮਣੇ ਆਈ ਹੈ। ਸਿਹਤ ਵਿਭਾਗ ਸੂਬੇ ਵਿਚ ਮਰੀਜ਼ਾਂ ਦੇ ਇਲਾਜ ਲਈ ਪ੍ਰਾਈਵੇਟ ਸਿਹਤ ਸੰਸਥਾਵਾਂ 'ਤੇ ਨਿਰਭਰ ਕਰਦਾ ਹੈ ਅਤੇ ਸਾਰੀਆਂ ਪ੍ਰਾਈਵੇਟ ਸਿਹਤ ਸੰਸਥਾਵਾਂ ਨੂੰ ਮਹਾਂਮਾਰੀ ਪ੍ਰਬੰਧਨ ਵਿਚ ਸਰਕਾਰ ਦੇ ਯਤਨਾਂ, ਖਾਸ ਕਰ ਤੀਜੇ ਦਰਜੇ/ਆਈ.ਸੀ.ਯੂ. ਬੈਡਾਂ ਵਿੱਚ ਸਹਾਇਤਾ ਲਈ ਅੱਗੇ ਆਉਣ ਲਈ ਪ੍ਰੇਰਿਤ ਕੀਤਾ ਗਿਆ ਹੈ। ਕਾਬਲੇਗੌਰ ਹੈ ਕਿ ਸਤੰਬਰ 2011 ਵਿੱਚ ਸਥਾਪਤ ਕੀਤਾ ਗਿਆ ਮੈਕਸ ਸੁਪਰ ਸਪੈਸ਼ਲਿਟੀ ਹਸਪਤਾਲ, ਮੁਹਾਲੀ ਨਿਊਰੋ ਸਾਇੰਸਿਜ਼, ਕਾਰਡੀਆਕ ਸਾਇੰਸਜ਼, ਕੈਂਸਰ ਕੇਅਰ, ਆਰਥੋਪੈਡਿਕਸ, ਨੈਫਰੋਲੋਜੀ, ਯੂਰੋਲੋਜੀ, ਓਬਸਟੈਟ੍ਰਿਕ ਅਤੇ ਗਾਇਨੀਕੋਲੌਜੀ ਸਬੰਧੀ ਸੇਵਾਵਾਂ ਪ੍ਰਦਾਨ ਕਰਦਾ ਹੈ। ਕੋਵਿਡ ਦੇ ਚੁਣੌਤੀਪੂਰਨ ਸਮੇਂ ਦੌਰਾਨ, ਹਸਪਤਾਲ ਨੇ 700 ਤੋਂ ਵੱਧ ਤੀਜੇ ਦਰਜੇ ਅਤੇ ਦੂਜੇ ਦਰਜੇ ਦੇ ਮਰੀਜ਼ਾਂ ਦਾ ਇਲਾਜ ਕੀਤਾ। ਇਹ 247 ਐਮਰਜੈਂਸੀ ਅਤੇ ਐਂਬੂਲੈਂਸ ਸੇਵਾਵਾਂ ਪ੍ਰਦਾਨ ਕਰਦਾ ਹੈ। ਐਮਰਜੈਂਸੀ ਵਿਭਾਗਾਂ ਨੇ ਪਿਛਲੇ 6 ਮਹੀਨਿਆਂ ਵਿੱਚ ਲਗਭਗ 1000 ਤੋਂ ਵੱਧ ਕੋਵਿਡ ਮਰੀਜ਼ਾਂ ਨੂੰ ਸੰਭਾਲਿਆ ਅਤੇ ਇੱਕ ਵਰਚੁਅਲ 247 ਕਲੀਨਿਸੀਅਨ ਕਵਰ ਨਾਲ ਨਰਸਿੰਗ ਸਹਾਇਤਾ ਰਾਹੀਂ ਕੋਵਿਡ ਮਰੀਜਾਂ ਨੂੰ 'ਹੋਮ ਕੇਅਰ' ਸੇਵਾਵਾਂ ਪ੍ਰਦਾਨ ਕੀਤੀਆਂ।



# ਮੈਨੀਟੋਬਾ ਨੇ ਬੇਘਰ ਸੇਵਾਵਾਂ ਲਈ ਰੱਖੇ 2.5 ਮਿਲੀਅਨ ਡਾਲਰ

ਵਿੰਨੀਪੈਗ-ਮੈਨੀਟੋਬਾ ਸਰਕਾਰ ਨੇ ਅਗਲੇ ਦੋ ਸਾਲਾਂ ਵਿਚ ਟਰਾਂਜ਼ੀਸ਼ਨ ਲੋਕ ਜਿਹੜੇ ਬੇਘਰ ਹਨ ਦੀ ਜ਼ਿਆਦਾ ਸਥਿਰ ਪ੍ਰਬੰਧਾਂ ਨਾਲ ਸਹਾਇਤਾ ਕਰਨ ਲਈ 2.56 ਮਿਲੀਅਨ ਡਾਲਰ ਦੀ ਲਾਗਤ ਵਾਲਾ ਇਕ ਨਵਾਂ ਬੇਘਰ ਸਰਵਿਸ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਪਰਿਵਾਰਾਂ ਬਾਰੇ ਮੰਤਰੀ ਰੋਚੇਲ ਸਕਵਾਇਰਸ ਨੇ ਐਲਾਨ ਕੀਤਾ ਕਿ ਸੂਬਾ ਵਿਨੀਪੈਗ ਵਿਚ ਸੇਵਾ ਦੀ ਡਲਿਵਰੀ ਲਈ ਮਨੀਟੋਬਾ ਦੀ ਗੈਰ-ਮੁਨਾਫਾ ਹਾਊਸਿੰਗ ਐਸੋਸੀਏਸਨ ਨਾਲ ਭਾਈਵਾਲੀ ਕਰ ਰਿਹਾ ਹੈ। ਸਹਾਇਤਾ ਵਿਚ ਕੇਸ ਪ੍ਰਬੰਧਨ, ਰੋਜ਼ਾਨਾਂ ਜੀਵਨ ਲਈ ਸਰਗਰਮੀਆਂ, ਨਸ਼ਿਆਂ ਦਾ ਇਲਾਜ, ਮਾਨਸਿਕ ਸਿਹਤ ਇਲਾਜ, ਐਮਰਜੈਂਸੀ ਭੋਜਨ ਸੇਵਾਵਾਂ, ਪਰਿਵਾਰਾਂ ਨਾਲ ਮੁੜ ਜੋੜਨਾ ਅਤੇ ਦੂਸਰੀਆਂ ਸਮਾਜਿਕ ਸਹਾਇਤਾ ਅਤੇ ਸਿੱਖਿਆ ਜਾਂ ਰੋਜ਼ਗਾਰ ਸ਼ਾਮਿਲ ਹੋਵੇਗਾ। ਇਕ ਅਨੁਮਾਨ ਮੁਤਾਬਿਕ ਵਿਨੀਪੈਗ ਦੀਆਂ ਸੜਕਾਂ 'ਤੇ 1500 ਲੋਕ ਰਹਿ ਰਹੇ ਹਨ।

# ਕੋਵਿਡ-19 ਮਹਾਂਮਾਰੀ ਸ਼ੁਰੂ ਹੋਣ ਪਿੱਛੋਂ ਮੈਨੀਟੋਬਾ ਵਿਚ ਹੁਣ ਤੱਕ 901 ਮੌਤਾਂ

ਵਿਨੀਪੈਗ-ਇਕ ਸਾਲ ਪਹਿਲਾਂ ਜਦੋਂ ਕੋਵਿਡ-19 ਮਹਾਂਮਾਰੀ ਐਲਾਨੀ ਗਈ ਸੀ ਉਦੋਂ ਤੋਂ ਲੈ ਕੇ ਮਨੀਟੋਬਾ ਵਿਚ ਹੁਣ ਤਕ 900 ਤੋਂ ਵੀ ਵਧੇਰੇ ਮੌਤਾਂ ਹੋ ਚੁੱਕੀਆਂ ਹਨ। ਸੂਬੇ ਵਲੋਂ ਕੋਵਿਡ-19 ਬਾਰੇ ਜਾਰੀ ਬੁਲਟਿਨ ਵਿਚ ਕਿਹਾ ਗਿਆ ਹੈ ਕਿ ਸੂਬੇ ਵਿਚ ਕੋਵਿਡ-19 ਨਾਲ ਤਿੰਨ ਹੋਰ ਮੌਤਾਂ ਹੋਈਆਂ ਹਨ ਅਤੇ ਮਰਨ ਵਾਲੇ ਤਿੰਨੇ ਵਿਅਕਤੀ ਵਿਨੀਪੈਗ ਨਾਲ ਸਬੰਧਤ ਸਨ। ਮਰਨ ਵਾਲੇ ਵਿਅਕਤੀਆਂ ਵਿਚ 40 ਤੇ 80 ਦੇ ਦਹਾਕਿਆਂ ਦੇ ਦੋ ਵਿਅਕਤੀ ਤੇ 90 ਦੇ ਦਹਾਕੇ ਦੀ ਇਕ ਔਰਤ ਸ਼ਾਮਿਲ ਹੈ। ਮੌਤਾਂ ਦੀ ਗਿਣਤੀ ਹੁਣ 901 ਹੋ ਗਈ ਹੈ। ਬੁੱਧਵਾਰ ਮਨੀਟੋਬਾ ਨੇ ਕੋਵਿਡ-19 ਦੇ 51 ਨਵੇਂ ਮਾਮਲਿਆਂ ਦਾ ਐਲਾਨ ਕੀਤਾ ਹੈ ਜਿਸ ਨਾਲ ਸੂਬੇ ਵਿਚ ਕੋਵਿਡ ਦੇ 32000 ਮਾਮਲੇ ਹੋ ਗਏ ਹਨ। ਮੌਜੂਦਾ ਸਮੇਂ 1146 ਐਕਟਿਵ ਮਾਮਲੇ ਹਨ ਅਤੇ 29953 ਵਿਅਕਤੀ ਤੰਦਰੁਸਤ ਹੋ ਚੁੱਕੇ ਹਨ। ਕੋਵਿਡ-19 ਤੋਂ ਪੀੜਤ ਲਗਪਗ 170 ਵਿਅਕਤੀ ਹਸਪਤਾਲਾਂ ਵਿਚ ਦਾਖਲ ਹਨ ਜਦਕਿ 166 ਵਿਅਕਤੀਆਂ ਨੂੰ ਬਿਮਾਰੀ ਤਾਂ ਨਹੀਂ ਰਹੀ ਪਰ ਅਜੇ ਦੇਖਭਾਲ ਦੀ ਲੋੜ ਹੈ। 10 ਵਿਅਕਤੀ ਆਈਸੀਯੂ ਵਿਚ ਹਨ।

# ਸਿਡਨੀ ਵਿੱਚ ਸਿੱਖ ਨੌਜਵਾਨਾਂ 'ਤੇ ਬਦਮਾਸ਼ਾਂ ਵੱਲੋਂ ਹਮਲਾ

ਚੰਡੀਗੜ੍ਹ-ਸਿਡਨੀ 'ਚ ਕੁਝ ਸਿੱਖਾਂ ਨੇ ਨਫ਼ਰਤੀ ਹਿੰਸਾ ਦੇ ਪੀੜਤ ਹੋਣ ਦਾ ਦਾਅਵਾ ਕੀਤਾ ਹੈ। ਸਿੱਖਾਂ ਨੇ ਦੱਸਿਆ ਕਿ ਕੁਝ ਬਦਮਾਸ਼ਾਂ ਨੇ ਐਤਵਾਰ ਨੂੰ ਉਨ੍ਹਾਂ 'ਤੇ ਹਮਲਾ ਕਰ ਦਿੱਤਾ ਕਿਉਂਕਿ ਉਨ੍ਹਾਂ ਨੇ ਦਸਤਾਰਾਂ ਸਜਾਈਆਂ ਹੋਈਆਂ ਸਨ। ਸੀਸੀਟੀਵੀ ਫੁਟੇਜ 'ਚ ਨਜ਼ਰੀਂ ਪੈਂਦਾ ਹੈ ਕਿ ਕੁਝ ਬਦਮਾਸ਼ਾਂ ਵੱਲੋਂ ਕੀਤੇ ਗਏ ਹਮਲੇ ਮਗਰੋਂ ਸਿੱਖ ਕਾਰ 'ਚ ਭੱਜਦੇ ਨਜ਼ਰ ਆ ਰਹੇ ਹਨ। ਬਦਮਾਸ਼ਾਂ ਨੇ ਉਨ੍ਹਾਂ ਦੀ ਕਾਰ ਬੱਲਿਆਂ ਅਤੇ ਹਥੌੜਿਆਂ ਨਾਲ ਭੰਨ ਦਿੱਤੀ ਸੀ। '7 ਨਿਊਜ਼' ਦੀ ਰਿਪੋਰਟ ਮੁਤਾਬਕ ਸਿੱਖ ਵਿਅਕਤੀ ਹਮਲੇ ਵੇਲੇ ਕਾਰ ਦੇ ਅੰਦਰ ਹੀ ਸਨ। ਸਿੱਖਾਂ ਨੇ ਦਾਅਵਾ ਕੀਤਾ ਹੈ ਕਿ ਹਮਲਾਵਰਾਂ ਨੇ ਕਾਰ ਦਾ 10 ਹਜ਼ਾਰ ਡਾਲਰ ਤੋਂ ਵੱਧ ਦਾ ਨੁਕਸਾਨ ਕੀਤਾ ਹੈ। ਜਦੋਂ ਉਹ ਮੌਕੇ ਤੋਂ ਬਚ ਕੇ ਨਿਕਲ ਗਏ ਤਾਂ ਹਮਲਾਵਾਰਾਂ ਨੇ ਉਨ੍ਹਾਂ ਦਾ ਪਿੱਛਾ ਕਰਕੇ ਮੁੜ ਹਮਲਾ ਕੀਤਾ। ਇਹ ਘਟਨਾ ਐਤਵਾਰ ਨੂੰ ਸਿਡਨੀ ਵੈਸਟ ਦੇ ਹੈਰਿਸ ਪਾਰਕ 'ਚ ਵਾਪਰੀ ਜਿਥੇ ਪਹਿਲਾਂ ਤੋਂ ਹੀ ਤਣਾਅ ਬਣਿਆ ਹੋਇਆ ਹੈ। ਇਕ ਪੀੜਤ ਨੇ ਕਿਹਾ ਕਿ ਜਿਸ ਢੰਗ ਨਾਲ ਉਨ੍ਹਾਂ 'ਤੇ ਹਮਲਾ ਹੋਇਆ ਹੈ, ਉਸ ਨਾਲ ਕੋਈ ਵੀ ਮਾਰਿਆ ਜਾ ਸਕਦਾ ਸੀ। ਉਸ ਦਾ ਮੰਨਣਾ ਹੈ ਕਿ ਉਨ੍ਹਾਂ ਨੂੰ ਨਿਸ਼ਾਨਾ ਇਸ ਲਈ ਬਣਾਇਆ ਗਿਆ ਕਿਉਂਕਿ ਉਨ੍ਹਾਂ ਪੱਗਾਂ ਬੰਨ੍ਹੀਆਂ ਹੋਈਆਂ ਸਨ। ਲਿਟਿਲ ਇੰਡੀਆ ਆਸਟਰੇਲੀਆ ਐਸੋਸੀਏਸ਼ਨ ਦੇ ਕਮਲ ਸਿੰਘ ਨੇ ਕਿਹਾ ਕਿ ਉਹ ਸ਼ਾਂਤੀ ਨਾਲ ਸਾਰੇ ਮਸਲੇ ਦਾ ਨਿਪਟਾਰਾ ਚਾਹੁੰਦੇ ਹਨ ਅਤੇ ਕੋਈ ਵੀ ਇਕ-ਦੂਜੇ ਨਾਲ ਨਾ ਲੜੇ। 'ਟਰਬਨਜ਼ 4 ਆਸਟਰੇਲੀਆ' ਦੇ ਅਮਰ ਸਿੰਘ ਨੇ ਕਿਹਾ ਕਿ ਗਲੈਨਵੁੱਡ 'ਚ ਦੋ ਕੁ ਹਫ਼ਤੇ ਪਹਿਲਾਂ ਗੁਰਦੁਆਰੇ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਪੁਲੀਸ ਤਹਿਕੀਕਾਤ ਕਰ ਰਹੀ ਹੈ ਕਿ ਇਹ ਨਸਲੀ ਹਮਲਾ ਸੀ ਜਾਂ ਕਿਸੇ ਸਿਆਸੀ ਤਣਾਅ ਕਾਰਨ ਘਟਨਾ ਵਾਪਰੀ ਹੈ। ਸਹਾਇਕ ਪੁਲੀਸ ਕਮਿਸ਼ਨਰ ਪੀਟਰ ਥੁਰਟੈੱਲ ਨੇ ਕਿਹਾ ਕਿ ਸਿੱਖ ਘੱਟ ਗਿਣਤੀ ਹਨ ਪਰ ਐੱਨਐੱਸਡਬਲਿਊ ਪੁਲੀਸ ਕਿਸੇ ਵੀ ਹਾਲਾਤ 'ਚ ਹਮਲੇ ਨੂੰ ਸਹਿਣ ਨਹੀਂ ਕਰੇਗੀ। ਹਮਲਾਵਰਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ।

# ਫਰਾਂਸ ਦੇ ਸਾਬਕਾ ਰਾਸ਼ਟਰਪਤੀ ਸਰਕੋਜ਼ੀ ਨੂੰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਤਿੰਨ ਸਾਲ ਕੈਦ ਦੀ ਸਜ਼ਾ



ਪੈਰਿਸ-ਫਰਾਂਸ ਦੇ ਸਾਬਕਾ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਸੋਮਵਾਰ ਭ੍ਰਿਸ਼ਟਾਚਾਰ ਦੇ ਇਕ ਮਾਮਲੇ ਵਿਚ ਦੋਸ਼ੀ ਪਾਇਆ ਗਿਆ ਹੈ ਅਤੇ ਉਸ ਨੂੰ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪੈਰਿਸ ਦੀ ਅਦਾਲਤ ਨੇ ਪਾਇਆ ਕਿ 66 ਸਾਲਾ ਸਰਕੋਜ਼ੀ ਨੇ ਅਹੁਦਾ ਛੱਡਣ ਪਿੱਛੋਂ ਆਪਣੇ 2007 ਦੀਆਂ ਮੁਹਿੰਮਾਂ ਦੇ ਵਿੱਤ ਦੀ ਜਾਂਚ ਬਾਰੇ ਗੁਪਤ ਜਾਣਕਾਰੀ ਲੈਣ ਲਈ ਇਕ ਜੱਜ ਨੂੰ ਰਿਸ਼ਵਤ ਦੇਣ ਤੇ ਪ੍ਰਭਾਵਤ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਪਰਜਾਈਡਿੰਗ ਜੱਜ ਕ੍ਰਿਸਟੀਨ ਮੀ ਨੇ ਕਿਹਾ ਕਿ ਉਸ ਨੇ ਆਪਣੇ ਰੁਤਬੇ ਅਤੇ ਸਬੰਧਾਂ ਦਾ ਫਾਇਦਾ ਉਠਾਇਆ ਜਿਹੜੇ ਰਾਸ਼ਟਰਪਤੀ ਹੁੰਦਿਆਂ ਬਣਾਏ ਸਨ। ਸਰਕੋਜ਼ੀ 2007 ਤੋਂ 2012 ਤਕ ਫਰਾਂਸ ਦਾ ਰਾਸ਼ਟਰਪਤੀ ਰਿਹਾ ਅਤੇ ਅਹੁਦੇ ਤੋਂ ਹਟਣ ਪਿੱਛੋਂ ਵੀ ਉਸ ਦਾ ਕੰਸਰਵੇਟਿਵਾਂ ਵਿਚ ਪ੍ਰਭਾਵ ਕਾਇਮ ਰਿਹਾ। ਅੱਜ ਦੇ ਫਰਾਂਸ ਵਿਚ ਦੇਸ਼ ਦਾ ਉਹ ਦੂਸਰਾ ਮੁਖੀ ਹੈ ਜਿਹੜਾ ਭ੍ਰਿਸ਼ਟਾਚਾਰ ਵਿਚ ਦੋਸ਼ੀ ਪਾਇਆ ਗਿਆ ਹੈ। ਪਰ ਉਸ ਨੂੰ ਜੇਲ੍ਹ ਵਿਚ ਨਹੀਂ ਰਹਿਣਾ ਪਵੇਗਾ। ਉਸ ਦੀ ਦੋ ਸਾਲ ਦੀ ਸਜ਼ਾ ਮੁਅੱਤਲ ਕਰ ਦਿੱਤੀ ਗਈ ਹੈ ਅਤੇ ਮੀ ਨੇ ਕਿਹਾ ਕਿ ਉਹ ਬਾਕੀ ਰਹਿੰਦਾ ਸਾਲ ਲਈ ਇਕ ਇਲੈਕਟ੍ਰਾਨਿਕ ਬਰੇਸਲੈਟ ਬੰਨ ਕੇ ਜੇਲ੍ਹ ਤੋਂ ਬਾਹਰ ਵੀ ਰਹਿ ਸਕਦਾ ਹੈ, ਉਂਜ ਇਹ ਫ਼ੈਸਲਾ ਦੂਸਰੇ ਜੱਜ 'ਤੇ ਨਿਰਭਰ ਕਰਦਾ ਹੈ। ਸਰਕੋਜ਼ੀ ਬਿਨ੍ਹਾਂ ਕੁਝ ਬੋਲੇ ਅਦਾਲਤ ਤੋਂ ਚਲਾ ਗਿਆ ਪਰ ਉਸ ਦੇ ਵਕੀਲ ਨੇ ਕਿਹਾ ਕਿ ਉਹ ਅਪੀਲ ਕਰੇਗਾ ਅਤੇ ਖੁਦ ਨੂੰ ਨਿਰਦੋਸ਼ ਸਾਬਤ ਕਰੇਗਾ।

# ਮੈਨੀਟੋਬਾ ਵਿਚ ਲਾਗੂ ਐਮਰਜੈਂਸੀ ਵਿਚ ਫਿਰ ਵਾਧਾ

ਵਿਨੀਪੈਗ-ਮਨੀਟੋਬਾ ਸਰਕਾਰ ਨੇ ਆਪਣੀ ਐਮਰਜੈਂਸੀ ਵਿਚ ਇਕ ਵਾਰ ਫਿਰ ਵਾਧਾ ਕਰ ਦਿੱਤਾ ਹੈ ਜਦਕਿ ਸੂਬੇ ਵਿਚ ਕੋਵਿਡ-19 ਦਾ ਪਹਿਲਾ ਮਾਮਲਾ ਪਤਾ ਲੱਗਣ ਦੀ ਇਕ ਸਾਲ ਦੀ ਵਰ੍ਹੇਗੰਢ ਨੇੜੇ ਆ ਰਹੀ ਹੈ। ਬੁੱਧਵਾਰ ਸ਼ਾਮ ਚਾਰ ਵਜੇ ਵਧਾਈ ਗਈ ਐਮਰਜੈਂਸੀ 30 ਦਿਨ ਤਕ ਲਾਗੂ ਰਹੇਗੀ। ਬੁਨਿਆਦੀ ਢਾਂਚੇ ਬਾਰੇ ਮੰਤਰੀ ਰੋਨ ਸ਼ੂਲਰ ਨੇ ਇਕ ਨਿਊਜ਼ ਰਿਲੀਜ ਵਿਚ ਦੱਸਿਆ ਕਿ ਸਾਡੀ ਸਰਕਾਰ ਸੂਬੇ ਨੂੰ ਮੁੜ ਖੋਲ੍ਹਣ ਲਈ ਸਾਵਧਾਨੀ ਵਾਲੀ ਪਹੁੰਚ ਨਾਲ ਲਗਾਤਾਰ ਅੱਗੇ ਵਧ ਰਹੀ ਹੈ। ਐਮਰਜੈਂਸੀ ਦੇ ਸਮੇਂ ਵਿਚ ਵਾਧਾ ਕੋਵਿਡ-19 ਅਤੇ ਇਸ ਦੇ ਵੈਰੀਐਂਟਸ ਦੇ ਫੈਲਣ ਨੂੰ ਘਟਾਉਣ ਵਿਚ ਮਦਦ ਲਈ ਇਕ ਇਹਤਿਆਤੀ ਉਪਾਅ ਹੈ। ਅਸੀਂ ਸਾਰੇ ਮਨੀਟੋਬਾ ਵਾਸੀਆਂ ਦੀ ਸਿਹਤ ਤੇ ਸੁਰੱਖਿਆ ਲਈ ਚੌਕਸ ਰਹਾਂਗੇ ਅਤੇ ਸਾਰੇ ਜ਼ਰੂਰੀ ਉਪਾਅ ਕਰਾਂਗੇ। ਮਨੀਟੋਬਾ ਵਿਚ ਪਹਿਲੀ ਵਾਰ ਐਮਰਜੈਂਸੀ ਮਨੀਟੋਬਾ ਵਿਚ ਕੋਵਿਡ-19 ਦਾ ਪਹਿਲਾ ਮਾਮਲਾ ਪਤਾ ਲੱਗਣ ਪਿੱਛੋਂ 20 ਮਾਰਚ 2020 ਨੂੰ ਲਾਗੂ ਕੀਤੀ ਗਈ ਸੀ। ਮਨੀਟੋਬਾ ਵਿਚ ਕੋਵਿਡ-19 ਦੇ ਹੁਣ ਤਕ 32000 ਮਾਮਲੇ ਦਰਜ ਕੀਤੇ ਗਏ ਹਨ ਅਤੇ 901 ਮੌਤਾਂ ਹੋਈਆਂ ਹਨ।

Injured in an accident?
ICBC claim?
We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.
604-449-7500

RANDHAWA MINHAS LLP
PERSONAL INJURY LAWYERS
T 604-449-7500 F 604-449-7501
msr@randhawalaw.ca www.randhawalaw.ca
205-7134 King George Boulevard, Surrey, BC V3W 5A3

We Can Help You Sell Your House!
**Satvir Cheema**
**604-240-9148**

CENTURY 21 Coastal Realty Ltd.
#105-7928 128th St., Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
**Amrik Cheema**
*PREC
**604-369-7000**
CENTURY 21 Coastal Realty Ltd.
#105-7928 128th St., Surrey, BC, V3W 4E8

info@amrikcheema.com

## ਵੈਨਕੂਵਰ ਸਿਟੀ ਨੇ 65 ਬੇਘਰ ਯੂਨਿਟ ਬਣਾਉਣ ਲਈ ਮੋਟਲ ਖਰੀਦਿਆ



ਵਿਕਟੋਰੀਆ-ਵੈਨਕੂਵਰ ਸਿਟੀ ਨੇ ਕਿਹਾ ਕਿ ਉਸ ਨੇ ਈਸਟ ਵੈਨਕੂਵਰ ਵਿਚ ਵਿਕਟੋਰੀਆ ਡਰਾਈਵ ਨੇੜੇ ਕਿੰਗਜਵੇ 'ਤੇ ਡੇਅਜ ਇਨ ਮੋਟਲ ਖਰੀਦਿਆਂ ਹੈ ਅਤੇ ਉਸ ਨੂੰ ਉਨ੍ਹਾਂ ਲੋਕਾਂ ਲਈ ਸਹਾਇਕ ਰਿਹਾਇਸ਼ ਇਕਾਈਆਂ ਦੀ ਪੇਸ਼ਕਸ਼ ਲਈ ਨਵਿਆਇਆ ਜਾਵੇਗਾ ਜਿਹੜੇ ਮੌਜੂਦਾ ਸਮੇਂ ਬੇਘਰ ਹਨ। ਮੇਅਰ ਕੈਨੇਡੀ ਸਟੀਵਾਰਟ ਨੇ ਕਿਹਾ ਕਿ ਇਹ ਸਾਰੇ ਮਕਾਨ ਸਾਰੀਆਂ ਸੇਵਾਵਾਂ ਦੇਣਗੇ ਤੇ ਰੈਜ਼ੀਡੈਂਟਸ ਨੂੰ ਸਹਾਇਤਾ ਮੁਹੱਈਆ ਕਰਨਗੇ। ਅਸੀਂ ਸਵਦੇਸ਼ੀ ਲੋਕਾਂ ਤੇ ਔਰਤਾਂ ਤੇ ਉਨ੍ਹਾਂ ਲੋਕਾਂ ਨੂੰ ਮਕਾਨ ਮੁਹੱਈਆ ਕਰਾਂਗੇ ਜਿਹੜੇ ਆਰਥਿਕ ਪੱਖੋਂ ਕਮਜ਼ੋਰ ਹਨ। ਸਾਡੇ ਸਟਾਫ ਨੂੰ ਆਸ ਹੈ ਕਿ ਲੋਕ ਇਸ ਨਵੰਬਰ ਵਿਚ ਆਉਣਾ ਸ਼ੁਰੂ ਕਰ ਦੇਣਗੇ ਜਿਸ ਦਾ ਮਤਲਬ ਇਕ ਹੋਰ ਸਰਦੀ ਲਈ ਬਹੁਤ ਥੋੜੇ ਲੋਕ ਬਾਹਰ ਸੰਘਰਸ਼ ਕਰਦੇ ਹੋਣਗੇ। ਅਕਤੂਬਰ ਵਿਚ ਫੈਡਰਲ ਸਰਕਾਰ ਨੇ ਕਮਜ਼ੋਰ ਕੈਨੇਡੀਅਨਾਂ ਦੀ ਹਾਊਸਿੰਗ ਲੋੜਾਂ 'ਚ ਮਦਦ ਲਈ ਇਕ ਅਰਬ ਡਾਲਰ ਦੀ ਕੌਮੀ ਰੈਪਿਡ ਹਾਊਸਿੰਗ ਪਹਿਲਕਦਮੀ ਦੇ ਹਿੱਸੇ ਵਜੋਂ 51.5 ਮਿਲੀਅਨ ਫੰਡ ਅਲਾਟ ਕੀਤੇ ਸਨ। ਸਰੀ (16.4 ਮਿਲੀਅਨ ਡਾਲਰ) ਅਤੇ ਵਿਕਟੋਰੀਆ (13.3 ਮਿਲੀਅਨ ਡਾਲਰ) ਸਮੇਤ ਦੂਸਰੀਆਂ ਬੀਸੀ ਮਿਊਂਸਪਲਟੀਜ ਨੂੰ ਵੀ ਫੰਡ ਮਿਲਿਆ ਸੀ।


# ਅਲਬਰਟਾ ਸਰਕਾਰ 2021 ਸੀਜ਼ਨ ਲਈ ਵਧਾਏਗੀ ਕੈਂਪਿੰਗ ਫੀਸ



ਕੈਲਗਰੀ-ਅਲਬਰਟਾ ਸਰਕਾਰ ਨੇ ਗੁੱਪ ਚੁੱਪ ਕੈਂਪ ਯੂਜ਼ਰਾਂ ਦੀ ਥੋੜੀ ਜਿਹੀ ਫੀਸ ਵਧਾਉਣ ਦਾ ਫ਼ੈਸਲਾ ਕੀਤਾ ਹੈ ਪਰ ਅਧਿਕਾਰੀਆਂ ਨੇ ਕਿਹਾ ਕਿ ਇਸ ਕਦਮ ਬਾਰੇ ਕੋਈ ਵੀ ਗੁਪਤ ਗੱਲ ਨਹੀਂ। ਅਲਬਰਟਾ ਦੇ ਐਨਡੀਪੀ ਮਿਊਂਸਪਲ ਮਾਮਲਿਆਂ ਬਾਰੇ ਆਲੋਚਕ ਜੋ ਸੇਸੀ ਨੇ ਇਹ ਮੁੱਦਾ ਉਠਾਉਂਦਿਆਂ ਦਾਅਵਾ ਕੀਤਾ ਕਿ ਸਰਕਾਰ ਦੇ ਬਜਟ ਦਸਤਾਵੇਜ਼ ਵਾਤਾਵਰਣ ਤੇ ਪਾਰਕਾਂ ਤੋਂ 20 ਮਿਲੀਅਨ ਡਾਲਰ ਰੈਵੀਨਿਊ ਦੇ ਵਾਧੇ ਦੀ ਰੂਪ ਰੇਖਾ ਪੇਸ਼ ਕਰਦੇ ਹਨ। ਖਜ਼ਾਨੇ ਵਿਚ ਲਗਪਗ 6 ਮਿਲੀਅਨ ਡਾਲਰ ਪਹਿਲਾਂ ਐਲਾਨੀ ਆਫ-ਹਾਈਵੇ ਵਹੀਕਲ ਯੂਜ਼ਰਾਂ ਲਈ ਐਲਾਨੇ 30 ਡਾਲਰ ਟਰੇਲ ਪਰਮਿਟ ਅਤੇ ਕੈਂਪਿੰਗ ਟਰੇਲਰਾਂ ਵਾਲੇ ਅਲਬਰਟਾ ਵਾਸੀਆਂ ਤੋਂ ਆ ਰਹੇ ਹਨ। ਸੇਸੀ ਨੇ ਕਿਹਾ ਕਿ ਜਿਸ 14 ਮਿਲੀਅਨ ਡਾਲਰ ਦਾ ਕੋਈ ਲੇਖਾ ਜੋਖਾ ਨਹੀਂ ਇਹ ਅਲਬਰਟਾ ਵਾਸੀਆਂ ਵਲੋਂ ਕੈਂਪ ਵਾਲੀਆਂ ਥਾਵਾਂ ਵਰਤਣ ਲਈ ਵਸੂਲੀ ਕੀਤੇ ਜਾਣ ਦੀ ਸੰਭਾਵਨਾ ਹੈ ਜਿਸ ਬਾਰੇ ਉਨ੍ਹਾਂ ਨੂੰ ਅਜੇ ਪਤਾ ਨਹੀਂ। ਉਨ੍ਹਾਂ ਇਕ ਬਿਆਨ ਵਿਚ ਕਿਹਾ ਕਿ ਅਸੀਂ ਕੌਣ ਹਾਂ, ਅਲਬਰਟਾ ਵਿਚ ਲੈਂਡਸਕੇਪ ਉਸ ਦਾ ਹਿੱਸਾ ਹੈ। ਅਸੀਂ ਕੈਂਪਰਸ, ਹਾਈਕਰਸ, ਮਾਊਂਟੇਨ ਬਾਈਕਰਸ ਤੇ ਹੋਰ ਬਹੁਤ ਕੁਝ ਹਾਂ। ਅਸੀਂ ਰੋਜ਼ਾਨਾਂ ਦੀ ਘੋੜ ਦੌੜ ਤੋਂ ਬਚਣ, ਪਰਿਵਾਰ ਨਾਲ ਅਨੰਦ ਮਾਨਣ ਅਤੇ ਕੁਦਰਤ ਨਾਲ ਮੁੜ ਜੁੜਨ ਲਈ ਕੈਂਪ ਲਾਉਂਦੇ ਹਾਂ। ਕੈਂਪ ਲਾਉਣ ਵਾਲਿਆਂ ਲਈ ਫੀਸ ਵਧਾਉਣ ਦੀ ਸੰਭਾਵਨਾ ਬਾਰੇ ਪੁੱਛੇ ਜਾਣ 'ਤੇ ਵਾਤਾਵਰਣ ਤੇ ਪਾਰਕਾਂ ਬਾਰੇ ਮੰਤਰੀ ਜੈਸਨ ਨਿਕਸਨ ਨੇ ਕਿਹਾ ਕਿ ਇਹ ਸੱਚਮੁੱਚ ਯੋਜਨਾ ਹੈ।

**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**15428 28 AVENUE**



**$1,199,000 Subdividable**

Attention Investors & Builders... Collect rent now and develop later. The PLA has been approved by the city for the two RF10 lots each with 31ft frontage. The home is in good condition and currently rented for $2100/month with 10 months remaining on the lease. No Door Knocking. Call now for more information

**#603 13308 CENTRAL AVE.**



**$549,000**

Welcome to Evolve, Downtown's Surrey's newest building. Just one-year-old building located in the core of Surrey's downtown near all types of transport, shopping, restaurants, and universities. This two bedrooms two bathroom unit is located on the 6th floor facing northwest with a huge balcony. The property has been rented for $1600/ month to good tenants. Call today to book your private showing.


Sunny Sangha
604-356-5555
SUNNY SANGHA Personal Real Estate Corporation
CENTURY 21 Coastal Realty Ltd.
MLS MEDALLION CLUB MEMBER
Ram Johal
604-356-5555

www.sunnysangha.com | info@sunnysangha.com

# RIGHT LINK LOGISTICS LTD.

## WE ARE NOW HIRING DRIVERS AND OWNER OPERATORS FOR OUR DRY VAN LANES INTO USA.




## COMPANY DRIVERS AND OWNER OPERATORS

## TEAM OR SOLO

U.S.A Routes: BC to CA, AZ, TX
BC to WA / WA to BC or AB
Canada Routes: BC / AB Canada Wide
Paid Picks and Drops
Extended Medical Benefits and Travel Insurance
Yard to Yard Work
Brand New Trucks & Trailers

Right-Link Logistics Ltd

Call: +1-604-857-4777 / 778-344-1964
Email: team@rightlink.ca

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

# ਪੰਜਾਬ ਸਿਰ ਚੜ੍ਹੇ ਕਰਜ਼ੇ ਤੋਂ ਘਮਸਾਨ ਅਕਾਲੀ ਆਗੂ 31 ਹਜ਼ਾਰ ਕਰੋੜ ਦੇ ਕਰਜ਼ੇ ਦਾ ਜਵਾਬ ਦੇਣ-ਜਾਖੜ

## ਅਨਾਜ ਖਰੀਦ ਮਾਮਲੇ 'ਤੇ ਘਟੀਆ ਰਾਜਨੀਤੀ ਨਾ ਕਰੋ-ਅਕਾਲੀ ਦਲ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਅੱਜ ਪ੍ਰੈੱਸ ਕਾਨਫਰੰਸ ਦੇ ਦੌਰਾਨ ਪੰਜਾਬ ਦੀ ਪਿਛਲੀ ਅਕਾਲੀ-ਭਾਜਪਾ ਸਰਕਾਰ ਵਲੋਂ 31 ਹਜ਼ਾਰ ਕਰੋੜ ਰੁਪਏ ਦੇ ਫੂਡ ਸੈਟਲਮੈਂਟ ਦਾ ਪਰਦਾ ਚੁੱਕਣ ਦਾ ਯਤਨ ਕੀਤਾ ਅਤੇ ਕਿਹਾ ਕਿ ਅਕਾਲੀ ਦਲ ਕਹਿੰਦਾ ਹੈ ਕਿ 'ਪੰਜਾਬ ਮੰਗਦਾ ਹੈ ਜਵਾਬ', ਪਰ ਪੰਜਾਬ ਹਿਸਾਬ ਵੀ ਮੰਗਦਾ ਹੈ, ਕਿਉਂਕਿ 2017 ਵਿੱਚ ਜਦ ਭਾਰਤ ਦੇ ਖਜ਼ਾਨਾ ਮੰਤਰਾਲੇ ਨੇ 19000 ਕਰੋੜ ਰੁਪਏ ਦੀ ਪ੍ਰੀਂਸੀਪਲ ਦੇਣਦਾਰੀ ਵਿੱਚ 6000 ਕਰੋੜ ਰੁਪਏ ਕੇਂਦਰ ਸਰਕਾਰ ਵੱਲੋਂ ਦੇਣ ਦੀ ਸਹਿਮਤੀ ਦੇ ਦਿੱਤੀ ਤਾਂ ਓਦੋਂ ਦੇ ਖੁਰਾਕ ਅਤੇ ਸਪਲਾਈ ਮੰਤਰੀ ਆਦੇਸ਼ ਪ੍ਰਤਾਪ ਕੈਰੋਂ ਅਤੇ ਖਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਕਿਹੜੀ ਮਜਬੂਰੀ ਸੀ ਕਿ ਪੰਜਾਬ ਦੇ ਸਿਰ ਉਤੇ 31000 ਕਰੋੜ ਰੁਪਏ ਕਰਜ਼ਾ ਚੜ੍ਹਾ ਦਿੱਤਾਸੀ, ਜਿਸ ਦਾ ਅੱਜ ਤੱਕ ਹਿਸਾਬ ਨਹੀਂ ਮਿਲ ਰਿਹਾ। ਭਾਰਤ ਸਰਕਾਰ ਦੇ ਵਿੱਤ ਮੰਤਰਾਲੇ ਨਾਲ ਹੋਈ ਬੈਠਕ ਦੇ ਕਾਗਜ਼ ਦਿਖਾ ਕੇ ਸੁਨੀਲ ਜਾਖੜ ਨੇ ਕਿਹਾ ਕਿ ਸਮਾਂ ਆ ਗਿਆ ਹੈ, ਜਦੋਂ ਭਾਜਪਾ ਨੇਤਾਵਾਂਦੁਸ਼ਯੰਤ ਗੌਤਮ, ਸ਼ਵੇਤ ਮਲਿਕ, ਤਰੁਣ ਚੁੱਘ ਨੂੰ ਸਾਫ ਦੱਸਣਾ ਚਾਹੀਦਾ ਹੈ ਕਿ ਕੀ ਉਸ ਸਮੇਂ ਅਕਾਲੀਆਂ ਨੇ ਪੰਜਾਬ ਦੀਆਂ ਜੜ੍ਹਾਂ ਨੂੰ ਵੱਢਣ ਦਾ ਕੰਮ ਕੀਤਾ ਜਾਂ ਇਸ ਵਿੱਚ ਭਾਜਪਾ ਨੇਤਾ ਸ਼ਾਮਲ ਸਨ। ਜਾਖੜ ਨੇ



ਪਰਮਿੰਦਰ ਸਿੰਘ ਢੀਂਡਸਾ ਨੂੰ ਸਲਾਹ ਦਿੱਤੀ ਕਿ ਜੇ ਉਹ ਅੱਜ ਵੀ ਵਿਧਾਨ ਸਭਾ ਵਿੱਚ ਖੜੇ ਹੋ ਕੇ ਦੱਸ ਦੇਣ ਕਿ ਪੰਜਾਬ ਦੇ ਲੋਕਾਂ ਉਤੇ 31 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਕਿਸ ਦੇ ਕਹਿਣ ਉਤੇ ਚੜਿਆ ਸੀ ਤਾਂ ਉਹ ਆਪਣੇ ਪਾਪ ਧੋ ਸਕਦੇ ਹਨ ਅਤੇ ਇਸ ਨਾਲ ਅਕਾਲੀ ਦਲ ਦਾ ਚਿਹਰਾ ਲੋਕਾਂ ਸਾਹਮਣੇ ਆ ਜਾਵੇਗਾ। ਦੂਸਰੇ ਪਾਸੇ ਅਕਾਲੀ ਦਲ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਕਿਹਾ ਕਿ ਉਹ ਘਟੀਆ ਰਾਜਨੀਤੀ ਨਾ ਕਰਨ। ਸੁਨੀਲ ਜਾਖੜ ਵਲੋਂ ਕੈਪਟਨ ਸਰਕਾਰ ਨੂੰ ਵਿਰਾਸਤ ਵਿੱਚ ਮਿਲਿਆ ਪੰਜਾਬ ਦਾ 31 ਹਜ਼ਾਰ ਕਰੋੜ ਰੁਪਏ ਦਾ ਅਨਾਜ ਖਰੀਦ ਮਸਲਾ ਮਿਲਣ ਦੇ ਬਿਆਨ ਉੱਤੇ ਸਾਬਕਾ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ 2004 ਦੀ ਕਾਂਗਰਸ ਸਰਕਾਰ ਵੇਲੇ ਤੋਂ ਇਕੱਠਾ ਹੋ ਰਿਹਾ ਸੀ ਤੇ ਹੈਰਾਨੀ ਦੀ ਗੱਲ ਹੈ ਕਿ ਜਾਖੜ ਤੇ ਕਾਂਗਰਸ ਪਾਰਟੀ ਇਸ ਬਾਰੇ ਸਦਾ ਦੋਗਲਾ ਸਟੈਂਡ ਲੈਂਦੀ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਦਾ ਜਾਣ-ਬੁੱਝ ਕੇ ਸਿਆਸੀਕਰਨ ਕਰਨਾ ਚਾਹੁੰਦੀ ਹੈ, ਜਦ ਕਿ ਸਰਕਾਰੀ ਤੌਰ ਉੱਤੇ ਉਹ ਮੰਨਦੀ ਹੈ ਕਿ ਕੇਂਦਰ ਸਰਕਾਰ ਵਲੋਂ ਕੀਤੀ ਖਰੀਦ ਦੇ ਕੇਸ ਵਿਚ ਟਰਾਂਸਪੋਰਟ ਤੇ ਲੇਬਰ ਖਰਚਾ ਗਿਣਨ ਦੀ ਊਣਤਾਈ ਨਾਲ ਇਹ ਰਕਮ ਇਕੱਠੀ ਹੋਈ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਕਰੈਡਿਟ ਗੈਪ ਵਾਲੇਦੇ ਨੂੰ ਸਾਂਝੀ ਜ਼ਿੰਮੇਵਾਰੀ ਮੰਨ ਕੇ ਨਿਬੇੜੇ, ਕਿਉਂਕਿ ਅਨਾਜ ਦੀ ਖਰੀਦ ਵਿਚ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਬੈਂਕਾਂ ਤਿੰਨੇ ਹੀ ਸ਼ਾਮਲ ਹੁੰਦੀਆਂ ਹਨ। ਡਾ: ਦਲਜੀਤ ਸਿੰਘ ਨੇ ਜਾਖੜ ਨੂੰ ਪੰਜਾਬ ਦਾ ਕੇਸ ਕਮਜ਼ੋਰ ਨਾ ਕਰਨ ਦੀ ਸਲਾਹ ਦੇਣ ਪਿੱਛੋਂ ਕਿਹਾ ਕਿ ਜਾਖੜ ਇਹ ਕਹਿੰਦੇ ਹਨ ਕਿ ਆਉਂਦਾ ਬਜਟ ਘਾਟੇ ਤੋਂ ਮੁਕਤ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਰਿਕਾਰਡ ਹੈ ਕਿ ਕਾਂਗਰਸ ਸਰਕਾਰ ਨੇ ਬੁਨਿਆਦੀ ਢਾਂਚੇ ਦਾ ਕੋਈ ਵੀ ਪ੍ਰਾਜੈਕਟ ਸ਼ੁਰੂ ਨਹੀਂ ਕੀਤਾ ਅਤੇ ਪਿਛਲੇ ਚਾਰ ਸਾਲਾਂ ਵਿਚ ਪੰਜਾਬ ਵਿਚ ਕੋਈ ਪੂੰਜੀ ਨਿਵੇਸ਼ ਨਹੀਂ ਹੋਇਆ।

## ਦੁਰਘਟਨਾ ਵਿਚ ਮਰੀ ਔਰਤ ਨੂੰ ਕੀਤਾ ਗਿਆ ਯਾਦ

ਵੈਨਕੂਵਰ-ਇਕ ਔਰਤ ਜਿਹੜੀ ਨੌਰਥ ਵੈਨਕੂਵਰ ਵਿਚ ਇਕ ਦੁਰਘਟਨਾ ਵਿਚ ਮਰ ਗਈ ਸੀ ਨੂੰ ਇਕ ਮਾਂ ਅਤੇ ਗਰੈਂਡ ਮਦਰ, ਇਕ ਕਮਿਊਨਿਟੀ ਵਰਕਰ ਤੇ ਮਜ਼ਦੂਰ ਜ਼ਮਾਤ ਦੀ ਚੈਂਪੀਅਨ ਵਜੋਂ ਯਾਦ ਕੀਤਾ ਗਿਆ। ਦੋਸਤਾਂ ਤੇ ਪਰਿਵਾਰ ਨੇ ਮਾਰੀ ਗਈ ਔਰਤ ਦੀ ਮਾਰਸੀਲੀਨਾ ਪੇਰਦੀਡੋ ਅਗੂਲੇ ਵਜੋਂ ਪਛਾਣ ਦੱਸੀ ਹੈ। ਪਰਿਵਾਰ ਲਈ ਬਣਾਏ ਗੋਫੰਡਮੀ ਪੇਜ ਮੁਤਾਬਿਕ ਅਗੁਲੇ ਆਪਣੀ ਪਤੀ ਲੇਓਨੀਲੋ ਨੂੰ ਕੰਮ ਤੋਂ ਲੈ ਕੇ ਅਜੇ ਨਿਕਲੀ ਸੀ ਜਦੋਂ ਉਨ੍ਹਾਂ ਨੂੰ ਨੈਪਚੂਨ/ ਕਾਰਗਿਲ ਓਵਰਪਾਸ ਦੇ ਪੱਛਮ ਵਿਚ ਲੋਅ ਲੈਵਲ ਰੋਡ 'ਤੇ ਰਾਤ 11 ਵਜੇ ਇਕ ਸ਼ਰਾਬੀ ਡਰਾਈਵਰ ਨੇ ਟੱਕਰ ਮਾਰ ਦਿੱਤੀ। ਅਗੁਲੇ ਦਾ ਪਤੀ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ ਅਤੇ ਹਸਪਤਾਲ ਵਿਚ ਦਾਖਲ ਹੈ ਪਰ ਇਸ ਦੁਰਘਟਨਾ ਵਿਚ ਅਗੁਲੇ ਦੀ ਮੌਤ ਹੋ ਗਈ। ਪੁਲਿਸ ਨੇ ਦੁਰਘਟਨਾ ਵਿਚ ਸ਼ਾਮਿਲ ਵਿਅਕਤੀਆਂ ਦੀ ਪਛਾਣ ਜਾਰੀ ਨਹੀਂ ਕੀਤੀ। ਆਰਸੀਐਮਪੀ ਨੇ ਇਸ ਗੱਲ ਦੀ ਪੁਸ਼ਟੀ ਨਹੀਂ ਕੀਤੀ ਕਿ ਦੁਰਘਟਨਾ ਖਰਾਬ ਡਰਾਈਵਿੰਗ ਦੇ ਨਤੀਜੇ ਵਜੋਂ ਹੋਈ ਸੀ ਪਰ ਕਿਹਾ ਕਿ ਸ਼ਰਾਬ ਇਸ ਦਾ ਇਕ ਕਾਰਨ ਹੋ ਸਕਦਾ ਹੈ। ਦੂਸਰੀ ਮੋਟਰ ਗੱਡੀ ਵਿਚ ਇਕੱਲਾ ਡਰਾਈਵਰ ਸੀ। ਉਹ ਵੀ ਦੁਰਘਟਨਾ ਵਿਚ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਸੀ।

## ਤਨਖ਼ਾਹ ਨਾ ਮਿਲਣ ਤੋਂ ਪ੍ਰੇਸ਼ਾਨ ਯੂਨੀਵਰਸਿਟੀ ਮੁਲਾਜ਼ਮ ਵੱਲੋਂ ਤੇਜ਼ਾਬ ਪੀਣ ਨਾਲ ਮੌਤ

ਪਟਿਆਲਾ-ਪੰਜਾਬੀ ਯੂਨੀਵਰਸਿਟੀ ਵੱਲੋਂ ਦੋ ਮਹੀਨੇ ਦੀਆਂ ਤਨਖ਼ਾਹਾਂ ਨਾ ਮਿਲਣ ਕਰ ਕੇ ਪ੍ਰੇਸ਼ਾਨ ਇੱਕ ਮੁਲਾਜ਼ਮ ਵੱਲੋਂ ਤੇਜ਼ਾਬ ਪੀਣ ਕਾਰਨ ਉਸ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਗੁਰਪ੍ਰੀਤ ਸਿੰਘ (34) ਪਿੰਡ ਸ਼ੇਖਪੁਰ ਵਜੋਂ ਹੋਈ ਹੈ, ਜੋ ਪੰਜਾਬੀ ਯੂਨੀਵਰਸਿਟੀ ਵਿਖੇ ਮਾਲੀ ਵਜੋਂ ਕੰਮ ਕਰਦਾ ਸੀ। ਉਸ ਨੂੰ ਕੱਲ੍ਹ ਹਸਪਤਾਲ ਦਾਖਲ ਕਰਵਾਇਆ ਸੀ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਇਸ ਬਾਰੇ ਏ ਐਸ ਆਈ ਸੰਦੀਪ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੀ ਪਤਨੀ ਭੁਪਿੰਦਰ ਕੌਰ ਦੇ ਦੱਸਣ ਅਨੁਸਾਰ ਉਸ ਦਾ ਪਤੀ ਲੰਮੇ ਸਮੇਂ ਤੋਂ ਪੰਜਾਬੀ ਯੂਨੀਵਰਸਿਟੀ ਵਿੱਚ ਪੱਕੇ ਤੌਰ ਉੱਤੇ ਮਾਲੀ ਦੀ ਨੌਕਰੀ ਕਰ ਰਿਹਾ ਸੀ ਅਤੇ ਘਰ ਦੀ ਸਾਰੀ ਜ਼ਿੰਮੇਵਾਰੀ ਉਸ ਦੇ ਮੋਢਿਆਂ ਉੱਤੇ ਸੀ। ਕਈ ਦਿਨਾਂ ਤੋਂ ਉਸ ਦੇ ਸਹੁਰੇ ਦੀ ਤਬੀਅਤ ਠੀਕ ਨਹੀਂ ਸੀ, ਜਿਸ ਦਾ ਇਲਾਜ ਵੀ ਨਿੱਜੀ ਹਸਪਤਾਲ ਵਿਖੇ ਚੱਲ ਰਿਹਾ ਸੀ।ਯੂਨੀਵਰਸਿਟੀ ਦੀ ਵਿੱਤੀ ਹਾਲਤ ਮਾੜੀ ਹੋਣ ਦੇ ਕਾਰਨ ਪਿਛਲੇ ਦੋ ਮਹੀਨਿਆਂ ਤੋਂ ਉਸ ਨੂੰ ਤਨਖ਼ਾਹ ਨਹੀਂ ਮਿਲੀ ਸੀ, ਜਿਸ ਕਾਰਨ ਘਰ ਦੇ ਆਰਥਿਕ ਹਾਲਾਤ ਕਾਫ਼ੀ ਖ਼ਰਾਬ ਹੋ ਗਏ ਸਨ। ਤਨਖ਼ਾਹ ਨਾ ਮਿਲਣ ਕਾਰਨ ਉਸ ਦਾ ਪਤੀ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਗਿਆ ਸੀ। ਕੱਲ੍ਹ ਦੁਪਹਿਰ ਬਾਅਦ ਜਦੋਂ ਉਹ ਘਰ ਆਇਆ ਤਾਂ ਉਸ ਨੇ ਦਵਾਈ ਦੀ ਥਾਂ ਗਲਤੀ ਨਾਲ ਤੇਜ਼ਾਬ ਪੀ ਲਿਆ, ਜਿਸ ਨਾਲ ਉਸਦੀ ਤਬੀਅਤ ਵਿਗੜ ਗਈ। ਉਸ ਨੂੰ ਨਿੱਜੀ ਹਸਪਤਾਲ ਭਰਤੀ ਕਰਵਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਉਹ ਆਪਣੀ ਪਤਨੀ,ਦੋ ਧੀਆਂ ਅਤੇ ਆਪਣੇ ਬਜ਼ੁਰਗ ਬੀਮਾਰ ਪਿਤਾ ਨੂੰ ਛੱਡ ਗਿਆ ਹੈ।



# ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬੈਲ ਗੱਡਿਆਂ 'ਤੇ ਸਵਾਰ ਹੋ ਕੇ ਪਹੁੰਚੇ ਵਿਧਾਨ ਸਭਾ

## ਕਾਂਗਰਸ ਸਰਕਾਰ ਵੱਲੋਂ ਪੈਟਰੋਲੀਅਮ ਪਦਾਰਥਾਂ 'ਤੇ ਵੈਟ ਘਟਾਉਣ ਤੋਂ ਨਾਂਹ ਕਰਨ ਖਿਲਾਫ ਪ੍ਰਗਟਾਇਆ ਰੋਸ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਵਿਧਾਇਕ ਦਲ ਨੇ ਕਾਂਗਰਸ ਸਰਕਾਰ ਵੱਲੋਂ ਡੀਜ਼ਲ ਤੇ ਪੈਟਰੋਲ 'ਤੇ ਵੈਟ ਘਟਾ ਕੇ ਕਿਸਾਨਾਂ ਤੇ ਆਮ ਲੋਕਾਂ ਨੂੰ ਰਾਹਤ ਦੇਣ ਤੋਂ ਇਨਕਾਰ ਕਰਨ ਕਾਰਨ ਅੱਜ ਬੈਲ ਗੱਡਿਆਂ 'ਤੇ ਸਵਾਰ ਹੋ ਕੇ ਵਿਧਾਨ ਸਭਾ ਪਹੁੰਚਿਆ। ਵਿਧਾਇਕ ਦਲ ਨੇ ਇਸ ਮਾਮਲੇ 'ਤੇ ਵਿਧਾਨ ਸਭਾ ਵਿਚੋਂ ਉਦੋਂ ਵਾਕ ਆਊਟ ਕੀਤਾ ਜਦੋਂ ਸਰਕਾਰ ਨੇ ਇਹ ਵੈਟ ਦੇ ਰੂਪ ਵਿਚ ਪੈਟਰੋਲੀਅਮ ਪਦਾਰਥਾਂ 'ਤੇ ਲਾਏ ਜਾਂਦੇ ਟੈਕਸ ਨੂੰ ਘਟਾਉਣ ਦਾ ਭਰੋਸਾ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਸਵੇਰੇ ਵੇਲੇ ਸ਼ਰਨਜੀਤ ਸਿੰਘ ਢਿੱਲੋਂ ਤੇ ਬਿਕਰਮ ਸਿੰਘ ਮਜੀਠੀਆ ਦੀ ਅਗਵਾਈ ਹੇਠ ਅਕਾਲੀ ਦਲ ਦੇ ਵਿਧਾਇਕ ਬੈਲ ਗੱਡਿਆਂ 'ਤੇ ਸਵਾਰ ਹੋ ਕੇ ਵਿਧਾਨ ਸਭਾ ਪਹੁੰਚੇ ਤਾਂ ਜੋ ਕਾਂਗਰਸ ਸਰਕਾਰ ਵੱਲੋਂ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਵਿਚ ਘੱਟ ਤੋਂ ਘੱਟ 5 ਰੁਪਏ ਪਤੀ ਲੀਟਰ ਦੀ ਕਟੌਤੀ ਕਰਨ ਤੋਂ ਇਨਕਾਰ ਕਰਨ ਵਿਰੁੱਧ ਧਿਆਨ ਖਿੱਚਿਆ ਜਾ ਸਕੇ। ਵਿਧਾਇਕਾਂ ਨੇ ਲੋਕਾਂ ਨੂੰ ਲੁੱਟਣਾ ਬੰਦ ਕਰੋ ਤੇ ਵੈਟ ਘੱਟ ਕਰੋ ਵਰਗੇ ਨਾਅਰੇ ਵੀ ਲਗਾਏ ਤੇ ਪੰਜਾਬ ਪ੍ਰਦੇਸਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੂੰ ਵੀ ਕਰੜੇ ਹੱਥੀਂ ਲਿਆ ਜੋ ਆਪਣੀ ਸਰਕਾਰ 'ਤੇ ਪੈਟਰੋਲੀਅਮ ਪਦਾਰਥਾਂ 'ਤੇ ਵੈਟ ਘਟਾਉਣ ਲਈ ਦਬਾਅ ਬਣਾਉਣ ਦੀ ਥਾਂ ਉਲਟਾ ਪੰਜਾਬੀਆਂ ਨੂੰ ਮੂਰਖ ਬਣਾਉਣ ਦਾ ਯਤਨ ਕਰ ਰਹੇ ਹਨ। ਅਕਾਲੀ ਦਲ ਵਿਧਾਇਕ ਦਲ ਦੇ ਨੇਤਾ ਸ਼ਰਨਜੀਤ ਸਿੰਘ ਢਿੱਲੋਂ ਨੇ ਸਿਫਰ ਕਾਲ ਦੌਰਾਨ ਇਹ ਮਾਮਲਾ ਉਠਾਇਆ ਤੇ ਮੰਗ ਕੀਤੀ ਕਿ ਸਰਕਾਰ ਪੈਟਰੋਲ ਅਤੇ ਡੀਜ਼ਲ 'ਤੇ ਵੈਟ ਘਟਾਉਣ ਦਾ ਭਰੋਸਾ



ਦੁਆਵੇ। ਜਦੋਂ ਸੱਤਾਧਾਰੀ ਧਿਰ ਨੇ ਇਸ ਮੰਗ ਦਾ ਕੋਈ ਹੁੰਗਾਰਾ ਨਾ ਦਿੱਤਾ ਤਾਂ ਫਿਰ ਅਕਾਲੀ ਦਲ ਦੇ ਵਿਧਾਇਕ ਸਦਨ ਵਿਚੋਂ ਵਾਕ ਆਊਟ ਕਰ ਗਏ। ਇਸ ਮਾਮਲੇ 'ਤੇ ਬੋਲਦਿਆਂ ਢਿੱਲੋਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੂਬਾ ਸਰਕਾਰ ਨਾਲ ਰਲ ਕੇ ਕੇਂਦਰ ਕੋਲ ਪਹੁੰਚ ਕਰ ਕੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਘਟਾਉਣ ਦੀ ਮੰਗ ਕਰਨ ਲਈ ਜਾਣ ਵਾਸਤੇ ਤਿਆਰ ਹੈ। ਉਹਨਾਂ ਕਿਹਾ ਕਿ ਅਸੀਂ ਦਿੱਲੀ ਜਾਣ ਤੇ ਇਸ ਮਾਮਲੇ 'ਤੇ ਰੋਸ ਪ੍ਰਦਰਸ਼ਨ ਕਰਨ ਵਾਸਤੇ ਵੀ ਤਿਆਰ ਹਾਂ ਪਰ ਅਜਿਹਾ ਕਰਨ ਤੋਂ ਪਹਿਲਾਂ ਕਾਂਗਰਸ ਸਰਕਾਰ ਕਿਸਾਨਾਂ ਤੇ ਆਮ ਆਦਮੀ ਨੂੰ ਰਾਹਤ ਦੇਣ ਵਾਸਤੇ ਪੈਟਰੋਲ ਅਤੇ ਡੀਜ਼ਨ 'ਤੇ ਵੈਟ ਵਿਚ ਕਟੌਤੀ ਕਰੇ। ਉਹਨਾਂ ਕਿਹਾ ਕਿ ਪੈਟਰੋਲ 'ਤੇ 27.5 ਫੀਸਦੀ ਅਤੇ ਡੀਜ਼ਲ 'ਤੇ 17.5 ਫੀਸਦੀ ਵੈਟ ਲਿਆ ਜਾ ਰਿਹਾ ਹੈ ਜੋ ਦੇਸ਼ ਵਿਚ ਸਭ ਤੋਂ ਵੱਧ ਹੈ। ਇਸ ਦੌਰਾਨ ਇਸ ਮਾਮਲੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਪੰਜਾਬ ਵਿਚ ਪੈਟਰੋਲੀਅਮ ਪਦਾਰਥਾਂ 'ਤੇ ਵਸੂਲਿਆ ਜਾ ਰਿਹਾ ਬਹੁਤ ਜ਼ਿਆਦਾ ਵੈਟ ਘੱਟ ਕਰਨ। ਉਹਨਾਂ ਕਿਹਾ ਕਿ ਅਜਿਹਾ ਕਰਨ ਦੀ ਥਾਂ ਕਾਂਗਰਸ ਸਰਕਾਰ ਕੇਂਦਰ ਨਾਲ ਰਲ ਕੇ ਫਿਕਸ ਮੈਚ ਖੇਡ ਰਹੀ ਹੈ ਕਿਉਂਕਿ ਹਰ ਵਾਰ ਤੇਲ ਕੀਮਤਾਂ ਘਟਾਉਣ ਨਾਲ ਵੈਟ ਵਿਚ ਵੀ ਵਾਧਾ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਬਜਾਏ ਮਸਲਾ ਹੱਲ ਕਰਨ ਦੇ ਰਾਜ ਸਰਕਾਰ ਆਪਣੀ ਜ਼ਿੰਮਵਾਰੀ ਨੂੰ ਕੇਂਦਰ ਸਿਰ ਪਾਉਣ ਦਾ ਯਤਨ ਕਰ ਰਹੀ ਹੈ।

# ਦੇਸ਼ 'ਚ ਐਮਰਜੈਂਸੀ ਦਾ ਲਾਇਆ ਜਾਣਾ ਇੱਕ ਗਲਤੀ ਸੀ-ਰਾਹੁਲ ਗਾਂਧੀ

ਨਵੀਂ ਦਿੱਲੀ-ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਦੇਸ਼ ਵਿੱਚ ਐਮਰਜੈਂਸੀ ਲਾਏ ਜਾਣ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਭੁੱਲ ਦੱਸਦਿਆਂ ਕਿਹਾ ਕਿ ਉਸ ਦੌਰ ਵਿੱਚ ਜੋ ਵੀ ਹੋਇਆ ਉਹ ਗਲਤ ਸੀ, ਪਰ ਮੌਜੂਦਾ ਦੌਰ ਨਾਲ ਜੇ ਇਸ ਦੀ ਤੁਲਨਾ ਕਰੀਏ ਤਾਂ ਉਦੋਂ ਦੇ ਹਾਲਾਤ ਬਿਲਕੁਲ ਵੱਖਰੇ ਸਨ। ਓਦੋਂ ਕਾਂਗਰਸ ਨੇ ਸੰਸਥਾਗਤ ਢਾਂਚੇ ਉੱਤੇ ਕਬਜ਼ਾ ਕਰਨ ਦੀ ਕਦੀ ਕੋਸ਼ਿਸ਼ ਨਹੀਂ ਸੀ ਕੀਤੀ। ਅਮਰੀਕਾ ਦੀ ਕਾਰਨਵੈਲ ਯੂਨੀਵਰਸਿਟੀ ਦੇ ਪ੍ਰੋਫੈਸਰ ਅਤੇ ਭਾਰਤ ਦੇ ਸਾਬਕਾ ਮੁੱਖ ਆਰਥਿਕ ਸਲਾਹਕਾਰ ਕੌਸ਼ਿਕ ਬਸੂ ਨਾਲ ਗੱਲਬਾਤ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਉਹ ਕਾਂਗਰਸ ਵਿੱਚ ਅੰਦਰੂਨੀ ਲੋਕਤੰਤਰ ਦੇ ਹਾਮੀ ਹਨ। ਇਸ ਦੌਰਾਨ ਐਮਰਜੈਂਸੀ ਬਾਰੇ ਪੁੱਛੇ ਜਾਣ ਉੱਤੇ ਰਾਹੁਲ ਗਾਂਧੀ ਨੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਉਹ ਇੱਕ ਗਲਤੀ ਸੀ, ਉਸ ਦੌਰ ਵਿੱਚ ਜੋ ਕੁਝ ਹੋਇਆ, ਉਹ ਯਕੀਨੀ ਤੌਰ ਉੱਤੇ ਗਲਤ ਸੀ, ਪਰ ਅੱਜ ਦੇ ਦੌਰ ਵਿੱਚ ਜੋ ਹੋ ਰਿਹਾ ਹੈ, ਉਹ ਉਦੋਂ ਦੇ ਦੌਰ ਤੋਂ ਬਿਲਕੁਲ ਵੱਖਰਾ ਹੈ। ਓਦੋਂ ਕਾਂਗਰਸ ਨੇ ਕਦੀ ਸੰਸਥਾਗਤ ਢਾਂਚੇ ਉੱਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਉਸ ਵਿੱਚ ਅਜਿਹਾ ਕਰਨ ਦੀ ਸਮਰੱਥਾ ਵੀ ਨਹੀਂ ਸੀ। ਸਾਡੀ ਬਣਤਰ ਅਜਿਹੀ ਹੈ ਕਿ ਅਸੀਂ ਚਾਹ ਕੇ ਵੀ ਅਜਿਹਾ ਨਹੀਂ ਕਰ ਸਕਦੇ। ਰਾਹੁਲ ਨੇ ਕੇਂਦਰ ਸਰਕਾਰ ਉੱਤੇ ਹਮਲਾ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਭਾਰਤ ਦੀ ਲੋਕਤੰਤਰੀ ਪ੍ਰਣਾਲੀ ਨੂੰ ਨੁਕਸਾਨ ਪਹੁੰਚਾ ਰਹੀ ਹੈ ਅਤੇ ਭਾਰਤ ਵਿੱਚ ਹਰ ਸੰਸਥਾ ਦੀ ਆਜ਼ਾਦੀ ਉੱਤੇ ਹਮਲਾ ਕੀਤਾ ਜਾ ਰਿਹਾ ਹੈ।



MATHEMATICS TUTOR
For University College & School Student All Grades.
Calculus, Algebra, Trigonometry, Coordinate Geometry, 3D, Vectors, Statistics, Matrices Determinants, Derivatives, Integrations etc.
Personal, Online and Home Visits
Bhupinder Singh Kamboj
M.Phil (Maths), M.Sc (Maths) M.Ed, and P.G. Statistics
778-861-7130
Email: kamboj59@yahoo.com





We Want To Make You Smile
APNADENTAL CENTRE
Family Dentistry, Routine Cleaning
Teeth Whitening, X-Rays
SERVICES
Fillings
Cleaning
Extractions
Dentures
Crown
Bridges
Invisalign
Orthodontic
New Patients Welcome
Dr. Pran N Vashisht
Dr. Christopher Zed
Dr. Ramanbir Manghera
778-592-4400 | #306A 8035 120 St., Delta

# ਕਿਸਾਨ-ਮੋਰਚਿਆਂ 'ਚ 8 ਮਾਰਚ ਨੂੰ 'ਕੌਮਾਂਤਰੀ ਔਰਤ ਦਿਵਸ' ਮੌਕੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਨਗੀਆਂ ਕਿਸਾਨ ਔਰਤਾਂ

## ਕੇਂਦਰ-ਸਰਕਾਰ ਕਿਸਾਨ-ਅੰਦੋਲਨ ਦੇ ਸਮਰਥਕਾਂ ਨੂੰ ਤੰਗ-ਪ੍ਰੇਸ਼ਾਨ ਕਰਨਾ ਬੰਦ ਕਰੇ-ਕਿਸਾਨ ਆਗੂ

ਚੰਡੀਗੜ੍ਹ-ਪੰਜਾਬ ਅਤੇ ਦਿੱਲੀ 'ਚ ਚਲਦੇ ਕਿਸਾਨ-ਮੋਰਚਿਆਂ 'ਚ 8 ਮਾਰਚ ਨੂੰ 'ਕੌਮਾਂਤਰੀ ਔਰਤ ਦਿਵਸ' ਮੌਕੇ ਕਿਸਾਨ-ਔਰਤਾਂ ਵੱਡੀ ਗਿਣਤੀ 'ਚ ਸ਼ਮੂਲੀਅਤ ਕਰਨਗੀਆਂ। ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਦੇ ਜਗਮੋਹਨ ਸਿੰਘ ਪਟਿਆਲਾ ਨੇ ਦੱਸਿਆ ਕਿ ਪਿੰਡਾਂ 'ਚ ਨੁੱਕੜ-ਮੀਟਿੰਗਾਂ ਰਾਹੀਂ ਔਰਤ ਆਗੂਆਂ ਵੱਲੋਂ ਇਸ ਦਿਨ ਦੇ ਇਤਿਹਾਸਕ ਮਹੱਤਵ ਸਬੰਧੀ ਜਾਣੂ ਕਰਵਾਇਆ ਜਾ ਰਿਹਾ ਹੈ। ਦਿੱਲੀ ਮੋਰਚਿਆਂ 'ਤੇ ਅਤੇ ਪੰਜਾਬ ਭਰ 'ਚ ਕਰੀਬ 68 ਥਾਵਾਂ(ਟੋਲ-ਪਲਾਜ਼ਿਆਂ, ਰਿਲਾਇੰਸ-ਪੰਪਾਂ, ਰੇਲਵੇ-ਪਾਰਕਾਂ) 'ਤੇ ਚਲਦੇ ਪੱਕੇ-ਧਰਨਿਆਂ 8 ਮਾਰਚ ਨੂੰ ਮਨਾਇਆ ਜਾਣ ਵਾਲਾ 'ਕੌਮਾਂਤਰੀ ਇਸਤਰੀ ਦਿਵਸ' ਮੌਕੇ ਔਰਤਾਂ ਦੀ ਗਿਣਤੀ ਇਤਿਹਾਸਕ ਹੋਵੇਗਾ, ਜਿਸ 'ਚ ਕਿਸਾਨ- ਔਰਤਾਂ ਵੱਡੀ ਸ਼ਮੂਲੀਅਤ ਕਰਨਗੀਆਂ। ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਕੇਂਦਰ-ਸਰਕਾਰ ਨੇ ਕਿਸਾਨ-ਅੰਦੋਲਨ ਪ੍ਰਤੀ ਬੇਰੁਖੀ ਧਾਰੀ



ਹੋਈ ਹੈ। ਸਰਕਾਰ ਵੱਲੋਂ ਜਥੇਬੰਦੀਆਂ ਦੀਆਂ ਮੰਗਾਂ 'ਤੇ ਗੌਰ ਕਰਨ ਦੀ ਬਜਾਏ, ਕਿਸਾਨਾਂ ਦਾ ਸਮਰਥਨ ਕਰਨ ਵਾਲੇ ਲੋਕਾਂ ਨੂੰ ਤੰਗ-ਪਰੇਸ਼ਾਨ ਕੀਤਾ ਜਾ ਰਿਹਾ ਹੈ। ਪਰ ਕਿਸਾਨ-ਜਥੇਬੰਦੀਆਂ ਅਜਿਹਾ ਬਿਲਕੁਲ ਬਰਦਾਸ਼ਤ ਨਹੀਂ ਕਰਨਗੀਆਂ, ਜਥੇਬੰਦੀਆਂ ਕਿਸਾਨਾਂ ਦੀ ਆਵਾਜ਼ ਉਠਾਉਣ ਵਾਲੇ ਲੋਕਾਂ ਦੇ ਨਾਲ ਡਟਕੇ ਖੜ੍ਹਨਗੀਆਂ ਅਤੇ ਜ਼ਬਰ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਪੰਜਾਬ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਿਸਾਨ ਸਮਝਦੇ ਹਨ ਕਿ ਤਿੰਨ ਖੇਤੀ ਕਾਨੂੰਨ ਅਤੇ ਬਿਜਲੀ ਬਿੱਲ-2019 ਸਮੇਤ ਪਰਾਲੀ ਆਰਡੀਨੈਂਸ ਕਿਸਾਨਾਂ ਲਈ ਘਾਤਕ ਹਨ। ਇਹ ਕਾਨੂੰਨ ਉਹਨਾਂ ਦੀ ਜ਼ਿੰਦਗੀ ਨੂੰ ਹਨੇਰੀ ਗੁਫਾ ਵੱਲ ਧੱਕ ਦੇਣਗੇ। ਇਹ ਸੰਘਰਸ਼ ਉਹਨਾਂ ਦੇ ਬੱਚਿਆਂ ਦੇ ਭਵਿੱਖ ਦਾ ਸੁਆਲ ਬਣਿਆ ਹੋਇਆ ਹੈ, ਇਸ ਲਈ ਇਹਨਾਂ ਕਾਨੂੰਨਾਂ ਦਾ ਰੱਦ ਹੋਣਾ ਜਰੂਰੀ ਹੈ। ਦਿੱਲੀ ਦਾ ਕਿਸਾਨ-ਮੋਰਚਾ ਸਾਡੀਆਂ ਪੀੜ੍ਹੀਆਂ ਭਵਿੱਖ ਤੈਅ ਕਰੇਗਾ। ਇਸ ਲਈ ਸਾਡਾ ਸਾਰਿਆਂ ਦਾ ਯਤਨ ਹੋਣਾ ਚਾਹੀਦਾ ਹੈ ਕਿ ਹਰ ਵਰਗ ਦੇ ਲੋਕਾਂ ਨੂੰ ਨਾਲ ਲੈ ਕੇ ਸੰਘਰਸ਼ ਨੂੰ ਹੋਰ ਮਜ਼ਬੂਤ ਕਰੀਏ। ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਮਾਰਚ ਨੂੰ ਦਿੱਲੀ ਦਾ ਕੇਐਮਪੀ ਦਾ ਜਾਮ ਵੀ ਹਰ ਹਾਲਤ 'ਚ ਸਫਲ ਹੋਵੇਗਾ।






## 15 ਲੱਖ ਸਕੂਲਾਂ ਦੇ ਬੰਦ ਰਹਿਣ ਨਾਲ ਭਾਰਤ 'ਚ 24.7 ਕਰੋੜ ਬੱਚੇ ਹੋਏ ਪ੍ਰਭਾਵਤ

ਨਵੀਂ ਦਿੱਲੀ-ਕੋਰੋਨਾ ਵਾਇਰਸ ਦੇ ਕਾਰਨ ਲੱਗੇ ਲਾਕਡਾਊਨ ਵਿੱਚ 15 ਲੱਖ ਸਕੂਲਬੰਦ ਕਰਨ ਨਾਲ ਭਾਰਤ ਵਿੱਚ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ 24.7 ਕਰੋੜ ਬੱਚੇ ਪ੍ਰਭਾਵਤ ਹੋਏ ਹਨ। ਯੂ ਐੱਨ ਬਾਲ ਕੋਸ਼ (ਯੂਨੀਸੇਫ) ਦੀ ਇੱਕ ਰਿਪੋਰਟ ਵਿੱਚ ਇਹ ਗੱਲ ਦਰਜਹੈ, ਜਿਸ ਮੁਤਾਬਕ ਸੰਸਾਰ ਪੱਧਰ ਉੱਤੇ ਸਕੂਲ ਬੰਦ ਰਹਿਣ ਨਾਲ ਤਕਰੀਬਨ ਇੱਕ ਸਾਲ ਤੱਕ 16.8 ਕਰੋੜ ਬੱਚੇ ਸਕੂਲ ਨਹੀਂ ਜਾ ਸਕੇ। ਇਸ ਰਿਪੋਰਟ ਮੁਤਾਬਕ ਆਨਲਾਈਨ ਸਿਖਿਆ ਸਾਰਿਆਂ ਲਈ ਬਦਲ ਨਹੀਂ, ਕਿਉਂਕਿ ਚਾਰ ਵਿੱਚੋਂ ਇੱਕ ਬੱਚੇ ਦੇ ਕੋਲ ਡਿਜੀਟਲ ਜੰਤਰ ਅਤੇ ਇੰਟਰਨੈਟ ਦੀ ਸਹੂਲਤ ਹੈ। ਕੋਵਿਡ ਦੇ ਦੌਰ ਤੋਂ ਪਹਿਲਾਂ ਭਾਰਤ ਵਿੱਚ ਕਰੀਬ 24 ਫੀਸਦੀ ਘਰਾਂ ਵਿੱਚ ਇੰਟਰਨੈਟ ਦੀ ਪਹੁੰਚ ਸੀ ਅਤੇ ਇਸ ਵਿੱਚ ਵੀ ਦਿਹਾਤੀ-ਸ਼ਹਿਰੀ ਅਤੇ ਪੁਰਸ਼, ਔਰਤ ਦਾ ਅਨੁਪਾਤ ਵੱਖੋ-ਵੱਖਰਾ ਹੈ। ਯੂ ਐਨ ਨੇ ਕਿਹਾ ਕਿ ਕੋਰੋਨਾ ਦੇ ਕਾਰਨ 2020 ਵਿੱਚ ਲਾਗੂ ਲਾਕਡਾਊਨ ਹੇਠ 15 ਲੱਖ ਸਕੂਲ ਬੰਦ ਕਰਨ ਨਾਲ ਭਾਰਤ ਵਿੱਚ ਪ੍ਰਾਇਮਰੀ ਦੇ ਮਿਡਲ ਸਕੂਲਾਂ ਵਿੱਚ ਪੜ੍ਹਨ ਵਾਲੇ 24.7 ਕਰੋੜ ਬੱਚੇ ਪ੍ਰਭਾਵਤ ਹੋਏ। ਇਸ ਦੇ ਇਲਾਵਾ ਕੋਵਿਡ-19 ਮਹਾਮਾਰੀ ਦੀ ਸ਼ੁਰੂਆਤ ਤੋਂ ਪਹਿਲਾਂ ਵੀ 60 ਲੱਖ ਤੋਂ ਵੱਧ ਲੜਕੇ-ਲੜਕੀਆਂ ਸਕੂਲ ਨਹੀਂ ਜਾ ਸਕੇ ਸਨ।

## ਹੋਸਟਲ ਦੀਆਂ ਲੜਕੀਆਂ ਤੋਂ ਜਬਰੀ 'ਨਿਊਡ ਡਾਂਸ' ਕਰਵਾਉਂਦੇ ਹਨ ਪੁਲਸ ਦੇ ਮੁਲਾਜ਼ਮ

ਮੁੰਬਈ-ਮਹਾਰਾਸ਼ਟਰ ਦੇ ਜਲਗਾਂਉਂ ਤੋਂ ਹੈਰਾਨ ਅਤੇ ਸ਼ਰਮਸਾਰ ਕਰਨ ਵਾਲੀ ਘਟਨਾ ਦਾ ਪਤਾ ਲੱਗਾ ਹੈ। ਇੱਥੇ ਕੁਝ ਪੁਲਸ ਵਾਲਿਆਂ ਨੇ ਹੋਰਨਾਂ ਨਾਲ ਮਿਲ ਕੇ ਸਰਕਾਰੀ ਹੋਸਟਲ ਵਿੱਚ ਲੜਕੀਆਂ ਨੂੰ ਨਿਊਡ ਡਾਂਸ ਲਈ ਮਜ਼ਬੂਰ ਕੀਤਾ। ਇਹ ਘਟਨਾ ਜਲਗਾਂਉਂ ਦੇ ਆਸ਼ਾਦੀਪ ਮਹਿਲਾ ਹੋਸਟਲ ਦੀ ਹੈ। ਇਹ ਮਾਮਲਾ ਮਹਾਰਾਸ਼ਟਰ ਦੇ ਛਿਕਲੀ ਤੋਂ ਭਾਜਪਾ ਵਿਧਾਇਕ ਸ਼ਵੇਤਾ ਮਹਾਲੇ ਨੇ ਉਠਾਇਆ ਸੀ। ਇੱਕ ਸਥਾਨਕ ਐਨ ਜੀ ਓ (ਗੈਰ ਸਰਕਾਰੀ ਸੰਸਥਾ) ਨੇ ਜ਼ਿਲ੍ਹਾ ਕੁਲੈਕਟਰ ਨੂੰਇਸ ਘਟਨਾ ਦੀ ਸ਼ਿਕਾਇਤ ਕੀਤੀ ਹੈ। ਇਸ ਘਟਨਾ ਦੀ ਇੱਕ ਵੀਡਿਓ ਕਲਿੱਪ ਵੀ ਸਾਹਮਣੇ ਆਈ ਹੈ।ਸ਼ਵੇਤਾ ਮਹਾਲੇ ਨੇ ਕਿਹਾ ਕਿ ਇਹ ਘਟਨਾ ਇਸ ਸੂਬੇ ਲਈ ਸ਼ਰਮਨਾਕ ਹੈ ਕਿਉਂਕਿ ਪੁਲਸ ਵੀ ਇਸ ਵਿੱਚ ਸ਼ਾਮਲ ਸੀ, ਜਿਸ ਨੇ ਔਰਤਾਂ ਨੂੰ ਸੁਰੱਖਿਆ ਦੇਣੀ ਹੁੰਦੀ ਹੈ। ਅਜਿਹੀਆਂ ਹੋਰ ਔਰਤਾਂ ਹੋ ਸਕਦੀਆਂ ਹਨ ਜੋ ਸ਼ਿਕਾਰ ਹੋਈਆਂ ਹੋਣਗੀਆਂ। ਮਹਾਰਾਸ਼ਟਰ ਸਰਕਾਰ ਨੇ ਇਸ ਦੀ ਜਾਂਚ ਦੇ ਆਦੇਸ਼ ਦਿੱਤੇ ਹਨ। ਮਹਾਲੇ ਵੱਲੋਂ ਮੁੱਦਾ ਉਠਾਏ ਜਾਣ ਪਿੱਛੋਂ ਮਹਾਰਾਸ਼ਟਰ ਦੇ ਗ੍ਰਹਿ ਮੰਤਰੀ ਅਨਿਲ ਦੇਸ਼ਮੁਖ ਨੇ ਕਿਹਾ ਕਿ ਸੂਬਾ ਸਰਕਾਰ ਨੇ ਜਾਂਚ ਲਈ ਚਾਰ ਮੈਂਬਰੀ ਕਮੇਟੀ ਬਣਾਈ ਹੈ, ਜਿਸ ਦੀ ਰਿਪੋਰਟ ਦੋ ਦਿਨਾਂ ਵਿੱਚ ਆਵੇਗੀ।

# ਕਲਾਸੀਫਾਈਡ ਅਤੇ ਮੈਟਰੀਮੋਨੀਅਲ

## ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਕੈਨੇਡੀਅਨ ਜੱਟ ਸਿੱਖ ਪਰਿਵਾਰ ਆਪਣੇ 30 ਸਾਲ, ਕੱਦ 6'0 ਸੋਹਣੇ ਲੜਕੇ ਲਈ ਲੜਕੀ ਦੀ ਭਾਲ ਕਰ ਰਹੇ ਹਨ। ਲੜਕੇ ਨੇ ਕਵਾਂਟਲੇਨ ਪੋਲੀਟੈਕਨਿਕ ਯੂਨੀਵਰਸਿਟੀ ਤੋਂ ਬੀ.ਬੀ.ਏ(BBA) ਕੀਤੀ ਹੋਈ ਹੈ ਅਤੇ ਪੇਸ਼ੇਵਰ ਚਾਰਟਰਡ ਅਕਾਊਂਟੈਂਟ ਹੈ। ਲੜਕੀ ਕੈਨੇਡੀਅਨ ਨਾਗਰਿਕ ਜਾਂ ਪੀ.ਆਰ ਹੋਣੀ ਚਾਹੀਦੀ ਹੈ। ਸੰਪਰਕ:778-878-3959 ਜਾਂ ਈਮੇਲ: kjsbrar9@yahoo.ca

ਕੈਨੇਡੀਅਨ ਪੀ.ਆਰ., ਉਮਰ 28 ਸਾਲ ਕੱਦ 5'11", ਵਾਸਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 5'8" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਮਾਲਵੇ ਜ਼ਿਲੇ ਨੂੰ ਪਹਿਲ। ਸੰਪਰਕ– +91-8427380002 ਜਾਂ 604-771-2575

apr03

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ– 778-713-0015 ਜਾਂ 604-319-0044

apr03

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ– 604-761-7580 ਜਾਂ 604-599-8237

ਕੈਨੇਡੀਅਨ ਪੀ.ਆਰ. ਸੈਣੀ ਸਿੱਖ, ਉਮਰ 29 ਸਾਲ ਕੱਦ 5'3", ਐਮ. ਟੈਕ, ਇਮੀਗਰਾਂਟ ਕਨਸਲਟੈਂਟ ਦੀ ਸਟੱਡੀ ਕਰ ਰਹੀ ਸੁਨੱਖੀ ਲੜਕੀ ਵਾਸਤੇ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਲੜਕੀ ਦੇ ਮਾਤਾ ਪਿਤਾ ਸਰਕਾਰੀ ਨੌਕਰੀ ਕਰਦੇ ਹਨ। ਸੰਪਰਕ– 604-902-5319 (ਵਟਸ ਐਪ) ਜਾਂ ਈਮੇਲ: gurdevsiaini0020@gmail.com

## EMPLOYMENTS

### ਵਰਕਰਾਂ ਦੀ ਲੋੜ

ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ:
ਸਾਹਿਬ ਸਿੰਘ : 778-863-9000

### ਰਿਸੈਪਸ਼ਨਿਸਟ ਦੀ ਲੋੜ

ਸਰੀ ਵਿੱਚ ਸਥਿਤ ਦਫਤਰ ਵਿੱਚ ਫਰੰਟ ਡੈਸਕ ਜਾਂ ਰਿਸੈਪਸ਼ਨਿਸਟ ਲੜਕੀ ਦੀ ਜ਼ਰੂਰਤ ਹੈ। ਅੰਗ੍ਰੇਜ਼ੀ ਅਤੇ ਪੰਜਾਬੀ ਜ਼ਰੂਰ ਬੋਲਣੀ ਆਉਣੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ 778-895-8848 ਤੇ ਕਾਲ ਕਰੋ

apr03

## MATRIMONIALS

ਜੱਟ ਸਿੱਖ ਲੜਕਾ ਉਮਰ 27 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ ਕੈਨੇਡੀਅਨ ਪੀ.ਆਰ ਵਾਸਤੇ ਪੀ.ਆਰ, ਵਿਜ਼ਟਰ ਜਾਂ ਸਟੂਡਿੰਟ ਸੁੰਦਰ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 23 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਸੰਪਰਕ: 604-300-2361 ਜਾਂ ਇੰਡੀਆ: 94174-80918

### ਲੜਕੀ ਦੀ ਲੋੜ

ਡੈਲਟਾ, ਬੀਸੀ (ਕੈਨੇਡਾ) ਵਿਖੇ ਰਹਿ ਰਿਹਾ Work Perimt Holder ਹਿੰਦੂ ਖੱਤਰੀ ਲੜਕਾ, ਉਮਰ 26 ਸਾਲ, ਕੱਦ 5'6", ਵਾਸਤੇ ਪੀ.ਆਰ., ਵਰਕ ਪਰਮਿਟ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਲੜਕੇ ਦੀ ਭੈਣ ਦਾ ਪਰਿਵਾਰ ਡੈਲਟਾ ਵਿਖੇ ਸੈਟਲਡ ਹੈ। ਸੰਪਰਕ ਫੋਨ ਨੰਬਰ– 604-600-8466, 604-600-5490

ਜੱਟ ਸਿੱਖ ਗਿੱਲ ਪਰਿਵਾਰ ਦਾ ਲੜਕਾ ਉਮਰ 28 ਸਾਲ ਕੱਦ 5'7", ਨਸ਼ਿਆਂ ਤੋਂ ਰਹਿਤ, ਕਲੀਨ ਸ਼ੇਵ ਕੈਨੇਡੀਅਨ ਪੀ.ਆਰ. ਵਾਸਤੇ ਲੜਕੀ ਦੀ ਲੋੜ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 604-655-3336 ਜਾਂ ਈਮੇਲ: happy9284@yahoo.com

jan29

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ– ਲਖਵੀਰ ਸਿੰਘ ਗਰੇਵਾਲ: 778-881-0002

**H.R. Stucco & Renovations Ltd.** ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800

### ਕਿਰਾਏ ਲਈ ਖਾਲੀ


ਸਰੀ ਵਿੱਚ 2 ਬੈਡਰੂਮ ਬੇਸਮੈਂਟ ਕਿਰਾਏ ਲਈ ਉਪਲਬਧ ਹੈ। ਵੱਖਰਾ ਲਿਵਿੰਗ ਰੂਮ, 68 ਐਵੇਨਿਊ ਅਤੇ 142 ਸਟ੍ਰੀਟ ਦੇ ਨੇੜੇ। ਸ਼ਾਕਾਹਾਰੀ ਹੋਣਾ ਚਾਹੀਦਾ ਹੈ ਅਤੇ ਸਿਗਰਟਨੋਸ਼ੀ ਮਨ੍ਹਾਂ ਹੈ। ਇੰਟਰਨੈੱਟ ਅਤੇ ਨਿੱਜੀ ਲਾਂਡਰੀ ਹੈ। ਕੋਈ ਪਾਲਤੂ ਜਾਨਵਰ ਨਹੀਂ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-961-4251

### ਕੰਮ ਦਾ ਸੁਨਿਹਰੀ ਮੌਕਾ

ਸਟਾਰ ਲਾਈਟ ਟਰਾਂਸਪੋਰਟ ਕੰਪਨੀ ਵਾਲਿਆਂ ਨੂੰ ਸਾਰੇ ਕਨੇਡਾ ਅਤੇ ਅਮਰੀਕਾ ਲਈ ਟਰੱਕ ਡਰਾਈਵਰਾਂ ਦੀ ਜ਼ਰੂਰਤ ਹੈ। LMI ਅਤੇ SINP ਪ੍ਰਦਾਨ ਕੀਤੀ ਜਾ ਸਕਦੀ ਹੈ। ਅਸੀਂ ਯੂ ਐਸ ਏ ਵੀਜ਼ਾ ਪ੍ਰਾਪਤ ਕਰਨ ਵਿਚ ਵੀ ਮਦਦ ਕਰ ਸਕਦੇ ਹਾਂ। ਚੰਗੀ ਤਨਖਾਹ। ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ।

ਹੋਰ ਜਾਣਕਾਰੀ ਲਈ
ਜਤਿੰਦਰ ਬਰਾੜ ਨੂੰ ਕਾਲ ਕਰੋ

**1-306-535-5555**




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



## ਭਾਗ ਪਹਿਲਾ (1675-1708 ਈਸਵੀ)

### ਕਵੀਓ ਵਾਚ

1 ਤਾਰੇ ਅੰਬਰਾਂ ਦੇ ਗਿਣੇ ਜਾ ਸਕਦੇ, ਤਾਰੇ ਗੁਰਾਂ ਦੇ ਨਹੀਓਂ ਗਿਣ ਹੁੰਦੇ।
ਮਿਣੇ ਜਾ ਸਕਦੇ ਪਾਣੀ ਸਾਗਰਾਂ ਦੇ, ਉਪਕਾਰ ਗੁਰਾਂ ਦੇ ਪਰ ਨੀ ਮਿਣ ਹੁੰਦੇ।
ਅਗਰ ਗੁਰੂ ਗੋਬਿੰਦ ਸਿੰਘ ਨਾ ਆਉਂਦੇ, ਅੱਜ ਆਜ਼ਾਦ ਨਾ ਹਿੰਦ ਤੇ ਦਿਨ ਹੁੰਦੇ।
ਜਬਰ, ਜ਼ੁਲਮ, ਗੁਲਾਮੀ ਹਰਚੰਦ ਸਿੰਘਾ, ਹਿੰਦੁਸਤਾਨ ਦੇ ਵਿਚ ਇਹ ਤਿੰਨ ਹੁੰਦੇ॥

2 ਮਿਹਰ ਗੁਰਾਂ ਨੇ ਕੀਤੀ ਆਣ ਅਪਣੀ, ਵਰਨਾ ਅਸੀਂ ਹਾਂ ਕਿਸ ਯੋਗ ਭਾਈ।
ਆਪ ਸਾਗਰ ਅਥਾਹ ਨਾ ਅੰਤ ਕੋਈ, ਅਸੀਂ ਸਿੱਪੀਆਂ ਅਤੇ ਘੋਗ ਭਾਈ।
ਕਲਮ ਮੇਰੀ ਦੇ ਮੂੰਹ ਦੇ ਵਿਚ ਪਾਈ, ਸਤਿਗੁਰ ਸ਼ਬਦਾਂ ਦੀ ਸੱਚੀ ਚੋਗ ਭਾਈ।
ਹਰਚੰਦ ਸਿੰਘਾ ਸਫ਼ਲ ਇਹ ਕਿਰਤ ਹੋਏ, ਆਪ ਵਲੋਂ ਜੇ ਮਿਲੇ ਸਹਿਯੋਗ ਭਾਈ॥

3 ਕਮੀ ਕਿਸੇ ਨੂੰ ਕਿਤੇ ਜੇ ਨਜ਼ਰ ਆਏ, ਇੱਥੇ ਸਾਡਾ ਦੋਸ਼ ਨਾ ਕਾਈ ਏ ਜੀ।
ਬੋਚੀ ਵਾਂਗ ਪਪੀਹੇ ਦੇ ਆਪ ਅਸੀਂ, ਬੂੰਦ ਜੋ ਵੀ ਅਰਸ਼ ਤੋਂ ਆਈ ਏ ਜੀ।
ਹੱਥ-ਵੱਸ ਕਿਸੇ ਦੇ ਕੁੱਝ ਨਾਹੀ, ਆਪ ਦੇਂਵਦਾ ਉਹ ਵਡਿਆਈ ਏ ਜੀ।
ਹਰਚੰਦ ਸਿੰਘਾ ਪੰਜ ਸਾਲ ਲਾ ਕੇ, ਪੁਸਤਕ ਗੁਰਾਂ ਨੇ ਆਪ ਲਿਖਾਈ ਏ ਜੀ॥

4 ਹੋ ਹੋ ਕੇ ਜੱਗ ਇਹ ਤੁਰੀ ਜਾਏ, ਇੱਕ ਲਿਖਿਆ ਹੀ ਰਹਿ ਜਾਂਵਦਾ ਏ।
ਪਰ ਲਿਖਿਆ ਰਹੇ ਸਬੂਤ ਉਹੀ, ਜੋ ਜੋ ਵੀ ਜੱਗ ਨੂੰ ਭਾਂਵਦਾ ਏ।
ਹਰ ਕਲਮ ਤੋਂ ਚੰਗਾ ਅਤੇ ਮੰਦਾ, ਲਿਖਵਾਉਣ ਵਾਲਾ ਆਪ ਲਿਖਾਂਵਦਾ ਏ।
ਹਰਚੰਦ ਸਿੰਘਾ ਸੂਝ ਦਾ ਉਹ ਸਾਈਂ, ਆਪੇ ਸੋਝੀ ਆਣਕੇ ਪਾਂਵਦਾ ਏ॥

5 ਵੇਖ ਪੜ੍ਹਕੇ ਕਿੱਸਾ ਕੁਰਬਾਨੀਆਂ ਦਾ, ਜੋ ਜੋ ਦੇਸ਼ ਦੇ ਲਈ ਕੁਰਬਾਨ ਹੋਇਆ।
ਕਿਸ ਬਿਧ ਲਈ ਆਜ਼ਾਦੀ ਇਹ, ਉਹੋ ਉਸੇ ਤਰ੍ਹਾਂ ਬਿਆਨ ਹੋਇਆ।
ਲੰਬੀ ਲਿਸਟ ਸ਼ਹੀਦਾਂ-ਸਿਦਕੀਆਂ ਦੀ, ਸਾਲ ਸੈਂਕੜੇ ਖ਼ੂਨੀ ਘਮਸਾਨ ਹੋਇਆ।
ਹਰਚੰਦ ਸਿੰਘਾ ਵਾਚ ਕੇ ਵੇਖ ਵਰਕੇ, ਆਜ਼ਾਦ ਸੌਖਾ ਨਹੀਂ ਹਿੰਦੁਸਤਾਨ ਹੋਇਆ॥

6 ਲੈ ਕੇ ਆਗਿਆ ਸਤਿ ਕਰਤਾਰ ਕੋਲੋਂ, ਕਲਮ ਆਪਣੀ ਮੈਂ ਚਲਾਉਣ ਲੱਗਾ।
ਸਿੱਖ-ਰਾਜ ਹੋਂਦ ਵਿਚ ਕਿੰਝ ਆਇਆ, ਕੱਲੀ ਕੱਲੀ ਮੈਂ ਗੱਲ ਸਨਾਉਣ ਲੱਗਾ।
ਮੱਥਾ ਲਾਇਆ ਜਾਬਰਾਂ ਨਾਲ ਜਿਨ੍ਹਾਂ, ਸੂਚੀ ਸਾਰੀ ਮੈਂ ਅੱਜ ਬਨਾਉਣ ਲੱਗਾ।
ਹਰਚੰਦ ਸਿੰਘ ਇਤਿਹਾਸ ਦੇ ਪੰਨਿਆਂ ਤੋਂ, ਚੁਣ ਚੁਣ ਕੇ ਸੱਚ ਸਨਾਉਣ ਲੱਗਾ॥

7 ਬੈਂਤ ਵਿੱਚ ਹੈ ਬੀਤੇ ਦੀ ਗੱਲ ਕਰਨੀ, ਮੈਂ ਤੇ ਕਵੀ ਹਾਂ ਇਤਿਹਾਸਕਾਰ ਨਾਹੀ।
ਪੜ੍ਹ ਪੁਸਤਕਾਂ ਇਕੱਠਾ ਗਿਆਨ ਕੀਤਾ, ਜਾਣੀ-ਜਾਣ ਮੈਂ ਕੋਈ ਅਵਤਾਰ ਨਾਹੀ।
ਸਹੀ ਕੋਈ ਤਾਰੀਖ ਜੇ ਨਾ ਲੱਗੇ, ਕਰਨਾ ਸਾਥੀਓ ਕੋਈ ਤਕਰਾਰ ਨਾਹੀ।
ਹਰਚੰਦ ਸਿੰਘਾ ਦੁਨੀਆਂ ਜਿਸ ਸਾਜੀ, ਹੋਇਆ ਰੱਬ ਤੋਂ ਖੁਸ਼ ਸੰਸਾਰ ਨਾਹੀ॥

8 ਜਿੱਥੋਂ ਜਿੱਥੋਂ ਲਈ ਮੈਂ ਜਾਣਕਾਰੀ, ਧੰਨਵਾਦੀ ਹਾਂ ਉਨ੍ਹਾਂ ਲਿਖਾਰੀਆਂ ਦਾ।
ਸਿਰ ਦੇ ਕੇ ਸਿੱਖੀ ਦਾ ਵਣਜ ਕੀਤਾ, ਦਾਸ ਰਿਣੀ ਹੈ ਉਨ੍ਹਾਂ ਵਪਾਰੀਆਂ ਦਾ।
ਪੁੱਤ ਪਾਲ ਕੇ ਦੇਸ਼ ਲਈ ਵਾਰ ਗਈਆਂ, ਕਰਾਂ ਸ਼ੁਕਰ ਮੈਂ ਮਾਵਾਂ ਸਾਰੀਆਂ ਦਾ।
ਹਰਚੰਦ ਸਿੰਘਾ ਲਾਹਨਤਾਂ ਲੱਖ ਉਨ੍ਹਾਂ, ਲਾਹਾ ਖੱਟਿਆ ਜਿਨ੍ਹਾਂ ਗਦਾਰੀਆਂ ਦਾ॥

9 ਸ਼ਾਇਰ ਜੋ ਵੀ ਡਰ ਕੇ ਕਰੇ ਸ਼ਾਇਰੀ, ਉਹੋ ਕਿੰਨੇ ਹੀ ਸੱਚ ਲੁਕਾਅ ਜਾਂਦਾ।
ਵਿੱਚ ਪ੍ਰੇਮ ਦੇ ਜੋ ਵੀ ਲੀਨ ਹੋ ਜੇ, ਉਹੋ ਲੋੜ ਤੋਂ ਵੱਧ ਵਡਿਆ ਜਾਂਦਾ।
ਪੱਖ-ਪਾਤ ਦੇ ਰਾਹ ਜੋ ਪੈ ਜਾਏ, ਉਹੋ ਇਤਿਹਾਸ ਨੂੰ ਹੋਰ ਗੰਧਲਾਅ ਜਾਂਦਾ।
ਇਨ੍ਹਾਂ ਤਿੰਨਾਂ 'ਚੋਂ ਬਚਕੇ ਜੋ ਲਿਖੇ, ਹਰਚੰਦ ਸਿੰਘਾ ਨਾਮ ਬਣਾ ਜਾਂਦਾ॥

10 ਖ਼ੈਬਰ ਟੱਪਕੇ ਜਾਬਰਾਂ ਜ਼ੁਲਮ ਕੀਤੇ, ਨਾਲ ਜ਼ੋਰ ਦੇ ਹਿੰਦ ਗੁਲਾਮ ਕੀਤਾ।
ਇੱਜ਼ਤ-ਆਬਰੂ ਖੋਹ ਲਏ ਹੱਕ ਸਾਰੇ, ਦੇਸ਼ ਖੋਹ ਕੇ ਧਰਮ ਨਿਲਾਮ ਕੀਤਾ।
ਕਾਫ਼ਰ ਆਖ ਕੇ ਰੱਬ ਦੇ ਬੰਦਿਆਂ ਨੂੰ, ਜ਼ੁਲਮ ਉਨ੍ਹਾਂ ਤੇ ਸ਼ਰੇਆਮ ਕੀਤਾ।
ਹਰਚੰਦ ਸਿੰਘਾ ਇਸਲਾਮ ਦੇ ਨਾਂ ਉਤੇ, ਪਾਕਿ ਕੁਰਆਨ ਨੂੰ ਬੜਾ ਬਦਨਾਮ ਕੀਤਾ॥

11 ਤੇਗ ਬਹਾਦਰ ਜੀ ਨੌਂਵੇਂ ਗੁਰੂ ਸਾਡੇ, ਹਿੰਦੂ ਧਰਮ ਨੂੰ ਦਿੱਲੀ ਬਚਾਉਣ ਆਏ।
ਨਾਲ ਲੈ ਕੇ ਆਪਣੇ ਸੇਵਕਾਂ ਨੂੰ, ਸਿਦਕ ਸਿੱਖਾਂ ਦਾ ਉਹ ਦਿਖਾਉਣ ਆਏ।
ਔਰੰਗਜ਼ੇਬ ਨੂੰ ਲਾਈ ਮੁਲਾਣਿਆਂ ਜੋ, ਅੱਗ ਮਜਹਬ ਦੀ ਉਹ ਬੁਝਾਉਣ ਆਏ।
ਕੁਰਬਾਨ ਧਰਮ ਲਈ ਹੋਏ ਹਰਚੰਦ ਸਿੰਘਾ, ਤਮਾਚਾ ਸਿਦਕ ਦਾ ਜ਼ੁਲਮ ਦੇ ਲਾਉਣ ਆਏ॥

## ਭਾਈ ਜੈਤਾ ਜੀ ਨੇ ਸਤਿਗੁਰਾਂ ਦਾ ਸੀਸ ਲੈ ਕੇ ਆਉਣਾ

12 ਨੌਂਵੇਂ ਗੁਰਾਂ ਦਾ ਦਿੱਲੀ ਤੋਂ ਸੀਸ ਲੈ ਕੇ, ਭਾਈ ਜੈਤਾ ਜੀ ਅਨੰਦਪੁਰ ਆਇਆ ਏ।
ਕੰਡੇ-ਕੰਕਰਾਂ ਛਲਣੀ ਪੈਰ ਕੀਤੇ, ਨੰਗੇ ਪੈਰੀਂ ਪੰਧ ਮੁਕਾਇਆ ਏ।
ਕੀਤੀ ਉਸਨੇ ਕੋਈ ਪਰਵਾਹ ਨਾਹੀ, ਥੱਕਾ-ਟੁੱਟਾ ਭੁੱਖਾ ਤਿਹਾਇਆ ਏ।
ਹਰਚੰਦ ਸਿੰਘਾ ਸਿੱਖ ਦਾ ਸਿਰੜ ਵੇਖੋ, ਨਾਲ ਸ਼ਰਧਾ ਸਿਦਕ ਨਿਭਾਇਆ ਏ॥

13 ਮਾਤਾ ਗੁਜਰੀ ਸੀਸ ਤੋਂ ਲਾਹ ਲੀੜਾ, ਸੀਸ ਆਪਣਾ ਉਸ ਝੁਕਾਅ ਦਿੱਤਾ।
ਨੌਂ ਸਾਲ ਦੇ ਸਨ ਗੋਬਿੰਦ ਰਾਏ, ਕੌਤਕ ਰੱਬ ਨੇ ਨਵਾਂ ਵਿਖਾ ਦਿੱਤਾ।
ਆਏ ਆਂਚ ਨਾ ਧਰਮ ਤੇ ਦੇਸ ਤਾਈਂ, ਸੀਸ ਗੁਰੂ ਜੀ ਆਪਣਾ ਲਾ ਦਿੱਤਾ।
ਹਰਚੰਦ ਸਿੰਘਾ ਆਜ਼ਾਦੀ ਦੀ ਲਾਟ ਬਾਲੀ, ਖ਼ੂਨ ਆਪਦਾ ਉਸ ਵਿਚ ਪਾ ਦਿੱਤਾ॥

14 ਭਾਈ ਜੈਤਾ ਜੀ ਦੱਸਿਆ ਹਾਲ ਸਾਰਾ, ਦਿੱਲੀ ਚਾਂਦਨੀ ਚੌਂਕ ਸੀ ਜੋ ਹੋਇਆ।
ਬੇ-ਕਸੂਰ ਗੁਰੂ ਤੇ ਸੇਵਕਾਂ ਨੂੰ, ਕਿੰਝ ਜ਼ਾਲਮਾਂ ਜਿੰਦਾਂ ਨੂੰ ਸੀ ਕੋਹਿਆ।
ਜ਼ੁਲਮ ਵੇਖਕੇ ਹਰ ਇਨਸਾਨ ਉਥੇ, ਭੁੱਬਾਂ ਮਾਰ ਕੇ ਜਾਰੋ-ਜਾਰ ਰੋਇਆ।
ਹਰਚੰਦ ਸਿੰਘਾ ਹੋਈਆਂ ਅਮਰ ਰੂਹਾਂ, ਔਰੰਗਜ਼ੇਬ ਦਾ ਧਰਮ-ਇਮਾਨ ਮੋਇਆ॥

(ਬਾਕੀ ਅਗਲੇ ਅੰਕ ਵਿਚ)




48 YEARS OF EXCELLENCE
1973 THE LINK GROUP 2021
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM



Rakesh Puri 604-377-4085 | Lalit (Nitu) 604-339-1599 | Amarjit Singh 778-908-0523 | Arya Bhalla 778-788-2429 | Hardam S. Maan 604-308-6663 | Shashi Madan 604-367-5611 | Shirin Mitha 604-614-9165

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



# ਮੇਰਾ ਕਿਰਦਾਰ ਤੇ ਕਹਾਣੀ ਸਭ ਤੋਂ ਵੱਖਰੇ-ਤਾਪਸੀ ਪੰਨੂ

ਸਿਰਫ ਫਿਲਮੀ ਪਰਵਾਰਾਂ ਤੋਂ ਆਏ ਲੜਕੇ ਅਤੇ ਲੜਕੀਆਂ ਬਾਲੀਵੁੱਡ ਵਿੱਚ ਸਫਲਤਾ ਦੇ ਸਿਖਰ ਤੱਕ ਪਹੁੰਚਦੇ ਹਨ, ਇਸ ਧਾਰਨਾ ਨੂੰ ਤਾਪਸੀ ਪੰਨੂ ਜਿਹੀ ਨਾਨ-ਫਿਲਮੀ ਪਰਵਾਰ ਤੋਂ ਆਈ ਮਾਡਲ-ਅਭਿਨੇਤਰੀ ਨੇ ਬਦਲ ਦਿੱਤਾ ਹੈ। ਦਿੱਲੀ ਦੇ ਮੱਧਵਰਗੀ ਪਰਵਾਰ ਵਿੱਚ ਜਨਮੀ ਤਾਪਸੀ ਪਹਿਲਾਂ ਇੱਕ ਸਾਫਟਵੇਅਰ ਇੰਜੀਨੀਅਰ ਬਣੀ। ਪਾਕੇਟ ਮਨੀ ਦੇ ਲਈ ਸ਼ੌਂਕ ਦੇ ਤੌਰ ਉੱਤੇ ਮਾਡਲਿੰਗ ਕਰਨ ਵਾਲੀ ਤਾਪਸੀ ਪੰਨੂ ਇਸ ਸਮੇਂ ਬਾਲੀਵੁੱਡ ਦੀਆਂ ਸਭ ਤੋਂ ਸਫਲ ਹੀਰੋਇਨਾਂ ਵਿੱਚ ਸ਼ਾਮਲ ਹੈ। ਗੈਰ ਫਿਲਮੀ ਪਰਵਾਰ ਤੋਂ ਆਈ ਤਾਪਸੀ ਇਨ੍ਹੀਂ ਦਿਨੀਂ ਫਿਲਮ 'ਲੂਪ ਲਪੇਟਾ@ ਦੀ ਸ਼ੂਟਿੰਗ ਵਿੱਚ ਬਿਜ਼ੀ ਹੈ। ਪੇਸ਼ ਹਨ ਉਸ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

**• ਸਾਲ 2020 ਤੁਹਾਡੇ ਲਈ ਕਿਹੋ ਜਿਹਾ ਰਿਹਾ ?**

– ਜਦੋਂ ਲਾਕਡਾਊਨ ਸ਼ੁਰੂ ਹੋਇਆ ਤਾਂ ਕੁਦਰਤੀ ਮੈਂ ਦਿੱਲੀ ਵਿੱਚ ਸੀ। ਦਿੱਲੀ ਮੇਰੇ ਮਾਤਾ-ਪਿਤਾ ਰਹਿੰਦੇ ਹਨ। ਮੇਰੀ ਭੈਣ ਸ਼ਗੁਨ ਕਦੇ ਦਿੱਲੀ ਤਾਂ ਕਦੇ ਮੁੰਬਈ ਰਹਿੰਦੀ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਦੇ ਆਲੇ ਦੁਆਲੇ ਅਨੁਭਵ ਸਿਨਹਾ ਦੇ ਨਿਰਦੇਸ਼ਨ ਵਾਲੀ ਮੇਰੀ ਫਿਲਮ 'ਥੱਪੜ' ਰਿਲੀਜ਼ ਹੋਈ ਸੀ। ਇਸ ਦਾ ਇੱਕ ਖਾਸ ਸ਼ੋਅ ਦਿੱਲੀ ਵਿੱਚ ਹੋਇਆ ਸੀ। ਸਾਲਾਂ ਤੋਂ ਮੇਰੀ ਇਹ ਇੱਛਾ ਸੀ ਕਿ ਮੈਂ ਆਪਣੀ ਫਿਲਮ ਆਪਣੇ ਮਾਤਾ-ਪਿਤਾ ਨਾਲ ਦੇਖਾਂ। ਫਿਲਮ 'ਥੱਪੜ' ਮੈਂ ਆਪਣੇ ਪਰਵਾਰ ਅਤੇ ਨੇੜਲੇ ਰਿਸ਼ਤੇਦਾਰਾਂ ਨਾਲ ਦੇਖੀ। ਉਸ ਤੋਂ ਬਾਅਦ ਮੈਂ ਕੁਝ ਦਿਨਾਂ ਲਈ ਦਿੱਲੀ ਵਿੱਚ ਸੀ ਤੇ ਫਿਰ ਸਾਰੇ ਜਾਣਦੇ ਹਨ ਲਾਕਡਾਊਨ ਸ਼ੁਰੂ ਹੋਇਆ। ਸ਼ੁਕਰ ਹੈ ਮੈਂ ਕਿਤੇ ਹੋਰ ਨਹੀਂ ਫਸ ਗਈ, ਜੇ ਮੁੰਬਈ ਵਿੱਚ ਹੁੰਦੀ ਤਾਂ ਬੋਰ ਹੋ ਜਾਂਦੀ। ਪਰਵਾਰ ਨਾਲ ਸਮਾਂ ਬਿਤਾਉਣਾ ਮੈਨੂੰ ਚੰਗਾ ਲੱਗਦਾ ਹੈ। ਮੇਰੇ ਲਈ 2020 ਠੀਕ ਹੀ ਰਿਹਾ। ਨਵੇਂ ਸਾਲ ਵਿੱਚ ਮੈਂ ਕੋਈ ਸੰਕਲਪ ਨਹੀਂ ਕਰਦੀ, ਕਿਉਂਕਿ ਸੰਕਲਪ ਕਰਨਾ ਕੋਈ ਵੱਡੀ ਗੱਲ ਨਹੀਂ, ਬੱਸ ਨੂੰ ਉਸ ਨੂੰ ਨਿਭਾਉਣਾ ਆਉਣਾ ਚਾਹੀਦਾ ਹੈ।

**• ਇਨ੍ਹੀਂ ਦਿਨੀਂ ਫਿਲਮ 'ਲੂਪ ਲਪੇਟਾ' ਚਰਚਾ ਵਿੱਚ ਹੈ। ਇਹ ਫਿਲਮ ਦੂਜੀਆਂ ਫਿਲਮਾਂ ਤੋਂ ਕਿੰਨੀ ਵੱਖਰੀ ਹੈ ?**

– ਫਿਲਮ 'ਲੂਪ ਲਪੇਟਾ' ਦਾ ਫਸਟ ਲੁਕ ਹੁਣੇ ਹੀ ਜਾਰੀ ਹੋਇਆ ਹੈ। ਇਸ ਫਿਲਮ ਨੂੰ ਮੈਂ 2018 ਵਿੱਚ ਸਾਈਨ ਕੀਤਾ ਸੀ। ਲਾਕਡਾਊਨ ਨਾ ਹੋਇਆ ਹੁੰਦਾ ਤਾਂ ਅੱਜ ਤੱਕ ਫਿਲਮ ਪੂਰੀ ਹੋ ਜਾਂਦੀ। ਖੈਰ ਇਸ ਫਿਲਮ ਦੇ ਨਿਰਦੇਸ਼ਕ ਹਨ ਆਕਾਸ਼ ਭਾਟੀਆ। 1998 ਵਿੱਚ ਰਿਲੀਜ਼ ਹੋਈ ਜਰਮਨ ਸੁਪਰਹਿੱਟ ਕਲਾਸਿਕ ਕਿਲਟ ਫਿਲਮ 'ਰਨ ਲੋਲਾ ਰਨ' ਦਾ ਇਹ ਹਿੰਦੀ ਰੀਮੇਕ ਹੈ। ਫਿਲਮ ਵਿੱਚ ਮੇਰਾ ਕਿਰਦਾਰ ਅਤੇ ਕਹਾਣੀ ਸਭ ਕੁਝ ਵੱਖਰੀ ਹੈ। ਜੇ ਤੁਸੀਂ 'ਰਨ ਲੋਲਾ ਰਨ@ ਦੇਖੀ ਹੋਵੇਗੀ ਤਾਂ ਬੇਸ਼ੱਕ ਇਹ ਸਮਝ ਆਇਆ ਹੋਵੇਗਾ ਕਿ ਕਿੱਦਾਂ ਦੀ ਫਿਲਮ ਹੈ। ਅਜੇ ਇੰਨਾ ਕਹਿ ਸਕਦੀ ਹਾਂ ਕਿ 'ਲੂਪ ਲਪੇਟਾ' ਵਿੱਚ ਮੇਰੇ ਆਪੋਜ਼ਿਟ ਤਾਹਿਰ ਰਾਜ ਭਸੀਨ ਹੋਣਗੇ। ਇਸ ਕਾਮੇਡੀ ਐਕਸ਼ਨ ਥ੍ਰਿਲਰ ਫਿਲਮ ਵਿੱਚ ਮੇਰੀ ਲੁਕ ਵੀ ਹਟ ਕੇ ਹੈ।

**• ਸੁਣਿਆ ਹੈ ਤੁਸੀਂ ਪਿਛਲੇ ਦਿਨੀਂ ਤੁਸੀਂ ਮਾਲਦੀਵ ਗਏ ਸੀ ?**

– ਮੈਨੂੰ ਹਿੰਦੀ ਫਿਲਮਾਂ ਵਿੱਚ ਕੰਮ ਕਰਦੇ ਹੋਏ 10 ਸਾਲ ਹੋ ਚੁੱਕੇ ਹਨ। 'ਚਸ਼ਮੇਬਦੂਰ' ਮੇਰੀ ਪਹਿਲੀ ਹਿੰਦੀ ਫਿਲਮ ਸੀ। ਇਹ ਫਿਲਮ ਓਨੀ ਸਫਲਤਾ ਨਹੀਂ ਪਾ ਸਕੀ, ਪਰ ਫਿਲਮ 'ਪਿੰਕ' ਨੇ ਮੇਰਾ ਕਰੀਅਰ ਬਹੁਤ ਪਿੱਕ ਕਰ ਦਿਤਾ। ਲਗਾਤਾਰ ਮੈਂ ਕੰਮ ਕਰੀ ਜਾ ਰਹੀ ਹਾਂ। ਲਾਕਡਾਊਨ ਕਾਰਨ ਇੱਕ ਬਦਲਾਅ ਦੀ ਸਖਤ ਲੋੜ ਸੀ। ਫਿਰ ਮੈਂ ਸ਼ਗੁਨ ਅਤੇ ਮੇਰੀਆਂ ਦੋ-ਤਿੰਨ ਸਹੇਲੀਆਂ ਮਾਲਦੀਵ ਗਈਆਂ ਤੇ ਅਸੀਂ ਇਸ ਨੂੰ ਯਾਦਗਾਰੀ ਟੂਰ ਬਣਾ ਦਿੱਤਾ। ਇਸ ਟੂਰ ਵਿੱਚ ਅਸੀਂ ਸਵੀਮਿੰਗ, ਸਪੋਰਟਸ ਗੇਮ, ਯੋਗਾ, ਮੈਡੀਟੇਸ਼ਨ ਤੋਂ ਲੈ ਕੇ ਪੂਰੀ ਰਾਤ ਗੱਪਾਂ ਮਾਰਨਾ, ਬਿਨਾਂ ਡਾਈਟ ਦੇ ਪੇਟ ਭਰ ਕੇ ਖਾਣਾ ਜਿਹੀਆਂ ਮਰਜ਼ੀਆਂ ਕੀਤੀਆਂ। ਉਥੋਂ ਦੇ ਦਿਨ ਬੇਹੱਦ ਯਾਦਗਾਰ ਸਨ।

**• ਕੰਗਨਾ ਰਣੌਤ ਨਾਲ ਤਾਂ ਤੁਹਾਡੇ ਵਿਵਾਦ ਖਤਮ ਹੀ ਨਹੀਂ ਹੋ ਰਹੇ ਹਨ ?**

– ਮੈਂ ਇਸ ਵਿਸ਼ੇ ਉੱਤੇ ਗੱਲ ਨਹੀਂ ਕਰਨਾ ਚਾਹੁੰਦੀ। ਜਦੋਂ ਮੈਂ ਕੁਝ ਕਹਿਣਾ ਚਾਹਾਂਗੀ ਤਾਂ ਟਵਿੱਟਰ ਹੈ ਨਾ। ਕੁਝ ਕਹਿ ਕੇ ਮੈਂ ਨਵਾਂ ਮੁੱਦਾ ਨਹੀਂ ਖੜ੍ਹਾ ਕਰਨਾ ਚਾਹੁੰਦੀ।

**• ਸੁਣਿਆ ਹੈ ਕ੍ਰਿਕਟਰ ਮਿਤਾਲੀ ਰਾਜ ਦੀ ਬਾਇਓਪਿਕ ਫਿਲਮ 'ਸ਼ਾਬਾਸ਼ ਮੀਤੂ' ਲਈ ਤੁਸੀਂ ਬਹੁਤ ਤਿਆਰੀ ਕੀਤੀ ਹੈ ?**

– ਕ੍ਰਿਕਟਰ ਮਿਤਾਲੀ ਰਾਜ ਦੀ ਬਾਇਓਪਿਕ ਫਿਲਮ ਨੂੰ ਰਾਹੁਲ ਢੋਲਕੀਆ ਨੇ ਨਿਰਦੇਸ਼ਤ ਕੀਤਾ ਹੈ। ਮਿਤਾਲੀ ਦਾ ਕਿਰਦਾਰ ਸਟੀਕ ਲੱਗੇ, ਇਸ ਦੇ ਲਈ ਮੈਂ ਕਈ ਘੰਟੇ ਕ੍ਰਿਕਟ ਖੇਡਣਾ ਅਤੇ ਆਪਣਾ ਭਾਰ ਛੇ ਕਿਲੋ ਘੱਟ ਕੀਤਾ ਤਾਂ ਕਿ ਐਕਟਿਵ ਰਹਿ ਸਕਾਂ।

**• ਤੁਹਾਡੀਆਂ ਆਉਣ ਵਾਲੀਆਂ ਫਿਲਮਾਂ ਕਿਹੜੀਆਂ ਹਨ ?**

– ਮੇਰੀ ਫਿਲਮ 'ਹਸੀਨਾ ਦਿਲਰੁਬਾ' ਜਲਦੀ ਹੀ ਰਿਲੀਜ਼ ਹੋਣ ਵਾਲੀ ਹੈ। ਇਸ ਫਿਲਮ ਵਿੱਚ ਮੇਰੇ ਆਪੋਜ਼ਿਟ ਵਿਕਰਾਂਤ ਮੇਸੀ ਅਤੇ ਹਰਸ਼ਵਰਧਨ ਰਾਣੇ ਹਨ। ਇਸ ਫਿਲਮ ਦੇ ਨਿਰਦੇਸ਼ਕ ਹਨ ਵਿਨਿਲ ਮੈਥਿਊ।

AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

AYURVEDIC DEEP TISSUE MASSAGE THERAPY
ਸਿਰਫ ਔਰਤਾਂ ਲਈ ਮਸਾਜ ਥੈਰੇਪੀ
STEAM & EXERCISE
ਅਸੀਂ ਵਿਸ਼ੇਸ਼ ਤੌਰ ਤੇ ਤਿਆਰ ਕੀਤਾ ਗਿਆ ਆਯੁਰਵੈਦਿਕ ਤੇਲ ਹੀ ਵਰਤਦੇ ਹਾਂ
ਪਿੱਠ ਦਰਦ • ਜੋੜਾਂ ਦਾ ਦਰਦ
ਮਸਲ ਦਰਦ • ਪੈਰਾਂ ਦਾ ਦਰਦ
ਗਰਦਨ ਦਰਦ • ਸਿਰ ਦਰਦ
ਤਣਾਅ ਅਤੇ ਚਿੰਤਾ • ਗਠੀਆ


ਅੁਪਾਇੰਟਮੈਂਟ ਲਈ ਕਾਲ ਕਰੋ
778-798-8015 ( Surrey)

# ਸਿਡਨੀ ’ਚ ਸਿੱਖਾਂ ’ਤੇ ਅਣਪਛਾਤੇ ਬੰਦਿਆਂ ਵੱਲੋਂ ਹਮਲਾ

ਸਿਡਨੀ-ਆਸਟਰੇਲੀਆ ਦੇ ਸਿਡਨੀ ਸ਼ਹਿਰ ਵਿਚਲੇ ਹੈਰਿਸ ਪਾਰਕ ਵਿੱਚ ਬੀਤੇ ਐਤਵਾਰ ਦਸਤਾਰਧਾਰੀ ਸਿੱਖਾਂਦੇ ਇੱਕ ਗਰੁੱਪ ਉੱਤੇ ਅਣਪਛਾਤੇ ਲੋਕਾਂ ਨੇ ਬੇਸਬਾਲ ਬੈਟ ਤੇ ਹਥੌੜਿਆਂ ਨਾਲ ਹਮਲਾ ਕਰ ਦਿੱਤਾ, ਜਿਸ ਪਿੱਛੋਂ ਜਦੋਂ ਉਹ ਬਚਾਅ ਲਈ ਦੌੜੇ ਤਾਂ ਉਨ੍ਹਾਂ ਦੇ ਪਿੱਛੇ ਦੌੜ ਕੇ ਵੀ ਹਮਲਾ ਕੀਤਾ ਗਿਆ। ਵਰਨਣ ਯੋਗ ਹੈ ਕਿ ਭਾਰਤ ਸਰਕਾਰ ਦੇ ਨਵੇਂ ਖੇਤੀ ਕਾਨੂੰਨਾਂ ਕਾਰਨ ਆਸਟ੍ਰੇਲੀਆ ਵਿੱਚ ਭਾਰਤ ਸਰਕਾਰ ਪੱਖੀ ਧਿਰ ਅਤੇ ਸਿੱਖ ਭਾਈਚਾਰੇ ਵਿੱਚ ਤਣਾਅ ਚੱਲ ਰਿਹਾ ਹੈ। ਓਥੋਂ ਦੇ 7-ਨਿਊਜ਼ ਚੈਨਲ ਦੀ ਰਿਪੋਰਟ ਅਨੁਸਾਰ ਅਣਪਛਾਤੇ ਲੋਕਾਂ ਦੇ ਹੱਥਾਂ ਵਿਚ ਬੇਸਬਾਲ ਬੈਟ, ਹਥੌੜੇ ਅਤੇ ਬਾਂਸ ਦੀਆਂ ਸੋਟੀਆਂ (ਡਾਂਗਾਂ) ਫੜੀਆਂ ਹੋਈਆਂ ਸਨ ਤੇ ਉਨ੍ਹਾਂ ਨੇ ਇਨ੍ਹਾਂ ਨਾਲ ਸਿੱਖ ਗਰੁੱਪ ਦੀਆਂ ਕਾਰਾਂ ਉੱਤੇ ਹਮਲਾ ਕਰ ਦਿੱਤਾ। ਸਿੱਖ ਗਰੁੱਪ ਦੇ ਲੋਕ ਆਪਣੀ ਜਾਨ ਬਚਾਉਣ ਦੇ ਲਈ ਭੱਜਣ ਵਿਚ ਸਫਲ ਹੋ ਗਏ। ਚੈਨਲ ਦੀ ਰਿਪੋਰਟ ਅਨੁਸਾਰ ਹਥਿਆਰਬੰਦ ਲੋਕ ਕਹਿ ਰਹੇ ਸਨ ਕਿ ਇਨ੍ਹਾਂ ਨੂੰ ਖ਼ਤਮ ਕਰ ਦਿਉ, ਕੋਈ ਵੀ ਬੱਚ ਕੇ ਨਾ ਜਾਵੇ। ਚੈਨਲ ਅਨੁਸਾਰ ਹਮਲਾਵਰ ਸਕਿਓਰਟੀ ਕੈਮਰਿਆਂ ਵਿਚ ਆ ਗਏ ਹਨ ਅਤੇ ਉਨ੍ਹਾਂ ਨੇ ਜਾਨ ਬਚਾਉਣ ਲਈ ਭੱਜ ਰਹੇ ਦਸਤਾਰਧਾਰੀ ਸਿੱਖਾਂ ਦਾ ਪਿੱਛਾ ਕਰ ਕੇ ਵੀ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ।ਇਸ ਹਮਲੇ ਵਿਚ ਕਾਰਾਂ ਦਾ ਲਗਪਗ 10 ਹਜ਼ਾਰ ਆਸਟ੍ਰੇਲੀਅਨ ਡਾਲਰ ਦਾ ਨੁਕਸਾਨ ਹੋ ਗਿਆ ਹੈ। ਆਸਟਰੇਲੀਆ ਦੇ ਸਿੱਖ ਭਾਈਚਾਰੇ ਦੇ ਲੋਕ ਭਾਰਤ ਸਰਕਾਰ ਦੇ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਦਾ ਰੈਲੀਆਂ ਕਰ ਕੇ ਵਿਰੋਧ ਕਰ ਰਹੇ ਹਨ ਤੇ ਭਾਰਤ ਸਰਕਾਰ ਦੇ ਸਮਰਥਕ ਕੁਝ ਲੋਕ ਇਨ੍ਹਾਂ ਦਾ ਵਿਰੋਧ ਕਰਦੇ ਹਨ। ਇਹ ਭੰਨਤੋੜ ਦੀ ਕਾਰਵਾਈ ਇਸੇ ਕੜੀ ਦਾ ਹਿੱਸਾ ਮੰਨੀ ਗਈ ਹੈ। ਇਸ ਬਾਰੇ ਪੁਲਿਸ ਨੇ ਸਭਨਾਂਧਿਰਾਂ ਨੂੰ ਸ਼ਾਂਤ ਰਹਿਣ ਦੀ ਅਪੀਲ ਕੀਤੀ ਅਤੇ ਹਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।


ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।

ਸਟਰੋਕ ਦੇ ਲੱਛਣਾਂ ਬਾਰੇ ਸਿੱਖੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ **9-1-1**’ਤੇ ਫ਼ੋਨ ਕਰੋ!

ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ

heartandstroke.ca/Punjabi

Heart &Stroke™

With the support of BRITISH COLUMBIA

© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.


## ਪਾਕਿ ਵਿੱਚ ਸੈਨੇਟ ਚੋਣਾਂ ਵਿੱਚ ਪਿਸ਼ਾਵਰ ਤੋਂ ਗੁਰਦੀਪ ਸਿੰਘ 103 ਵੋਟਾਂ ਨਾਲ ਜੇਤੂ



ਪੇਸ਼ਾਵਰ-ਪਾਕਿਸਤਾਨ ਵਿੱਚ ਹੋਈਆਂ ਉਪਰਲੇ ਸਦਨ ਸੈਨੇਟ ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀਨੂੰ ਵੱਡਾ ਝਟਕਾ ਲੱਗਾ ਅਤੇ ਸੈਨੇਟ ਚੋਣਾਂ ਵਿੱਚਉਸ ਦੇ ਉਮੀਦਵਾਰ ਹਫੀਜ਼ ਸ਼ੇਖ਼ ਨੂੰ ਸਾਬਕਾ ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਨੇ ਹਰਾ ਦਿੱਤਾ ਹੈ। ਇਸ ਚੋਣ ਵਿੱਚ ਹਾਫਿਜ਼ ਸ਼ੇਖ਼ ਨੂੰ 164 ਵੋਟਾਂ ਮਿਲੀਆਂ, ਵਿਰੋਧੀ ਧਿਰ ਪਾਕਿਸਤਾਨ ਡੇਮੋਕਰੇਟਿਕ ਮੂਵਮੈਂਟ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਸਾਂਝੇ ਉਮੀਦਵਾਰ ਯੂਸਫ਼ ਰਜ਼ਾ ਗਿਲਾਨੀ 169 ਵੋਟਾਂ ਪ੍ਰਾਪਤ ਕਰਕੇ ਜੇਤੂ ਰਹੇ। ਇਸ ਦੌਰਾਨ ਗ਼ੈਰ ਮੁਸਲਿਮ ਉਮੀਦਵਾਰਾਂ ਵਿੱਚ ਆਸਿਫ ਭੱਟੀ (ਏ ਐਨ ਪੀ), ਜਾਵੇਦ ਗਿੱਲ (ਜੇ ਆਈ ਪੀ), ਰਣਜੀਤ ਸਿੰਘ (ਜੇ ਯੂ ਆਈ ਪੀ) ਅਤੇ ਪਿਸ਼ਾਵਰ ਤੋਂ ਗੁਰਦੀਪ ਸਿੰਘ (ਪੀ ਟੀ ਆਈ) ਦੇ ਨਾਂਅ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸਵਰਗੀ ਡਾ. ਸੂਰਨ ਸਿੰਘ ਦਾ ਸਾਲੇ ਗੁਰਦੀਪ ਸਿੰਘ ਨੂੰ 145 ਵਿੱਚੋਂ 103 ਵੋਟਾਂ ਮਿਲੀਆਂ ਅਤੇ ਉਹ ਜੇਤੂ ਰਹੇ। ਦੱਸਿਆ ਗਿਆ ਹੈ ਕਿ ਪਾਕਿ ਵਿੱਚ ਉਪਰਲੇ ਸਦਨ ਦੀਆਂ 37 ਸੀਟਾਂ ਲਈ ਚੋਣਾਂ ਕਰਵਾਈਆਂ ਗਈਆਂ ਸਨ ਤੇ 78 ਉਮੀਦਵਾਰਾਂ ਨੇ ਆਪਣੀ ਕਿਸਮਤ ਅਜ਼ਮਾਈ ਸੀ। ਇਹ ਸਾਰੇ ਲੋਕ ਸੂਬਾ ਸਿੰਧ, ਖ਼ੈਬਰ ਪਖਤੂਨਖਵਾ, ਬਲੋਚਿਸਤਾਨ ਅਤੇ ਇਸਲਾਮਾਬਾਦ ਤੋਂ ਚੋਣ ਮੈਦਾਨ ਵਿੱਚ ਉਤਰੇ ਸਨ।

## ਪਹਿਲੀ ਵਿਸ਼ਵ ਜੰਗ ਦੇ ਯੋਧੇ ਸਿੱਖ ਪਾਇਲਟ ਹਰਦਿੱਤ ਸਿੰਘ ਮਲਿਕ ਦਾ ਬੁੱਤ ਸਾਊਥੈਂਪਟਨ ਵਿਖੇ ਲੱਗੇਗਾ



ਲੰਡਨ-ਪਹਿਲੀ ਵਿਸ਼ਵ ਜੰਗ ਦੇ ਯੋਧੇ ਅਤੇ ਰੋਇਲ ਫਲਾਈਂਗ ਕੋਰ ਦੇ ਪਹਿਲੇ ਭਾਰਤੀ ਪਾਇਲਟ ਹਰਦਿੱਤ ਸਿੰਘ ਮਲਿਕ ਦਾ ਬੁੱਤ ਯੂ ਕੇ ਦੇ ਸ਼ਹਿਰ ਸਾਊਥੈਂਪਟਨ ਦੇ ਸਿਟੀ ਸੈਂਟਰ ਵਿੱਚ ਲਾਇਆ ਜਾ ਰਿਹਾ ਹੈ। ਇਹ ਬੁੱਤ ਬਰਤਾਨੀਆ ਅਤੇ ਉਸ ਦੇ ਸਹਿਯੋਗੀਆਂ ਲਈ ਲੜ੍ਹਨ ਵਾਲੇ ਘੱਟ ਗਿਣਤੀ ਪਿਛੋਕੜ ਵਾਲੇ ਭਾਈਚਾਰਿਆਂ ਦੇ ਵਿਸਰ ਚੁੱਕੇ ਇਤਿਹਾਸ ਦੀ ਯਾਦ ਹੋਵੇਗਾ। ਇਹ ਯਾਦਗਾਰ ਬਣਾਉਣ ਲਈ ਵੰਨ ਕਮਿਊਨਿਟੀ ਹੈਂਮਪਸ਼ਾਇਰ ਐਂਡ ਡੌਰਸੈਟ ਅਤੇ ਸਾਊਥੈਂਪਟਨ ਕੌਂਸਲ ਆਫ ਗੁਰਦੁਆਰਾ ਨੇ ਬੁੱਤ ਦੇ ਨਮੂਨੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਵੈਸਟ ਮਿਡਲੈਂਡਜ਼ਲ ਦੇ ਮਸ਼ਹੂਰ ਬੁੱਤਸਾਜ਼ ਲਿਊਕ ਪੈਰੀ ਵੱਲੋਂ ਇਸ ਨੂੰ ਤਿਆਰ ਕੀਤਾ ਜਾਵੇਗਾ। ਸਿੱਖ ਸਿਪਾਹੀਆਂ ਦੀ ਇਸ ਇਤਿਹਾਸਕ ਯਾਦਗਾਰ ਨੂੰ ਅਪ੍ਰੈਲ 2023 ਵਿੱਚ ਲੋਕ ਅਰਪਣ ਕਰਨ ਦੀ ਯੋਜਨਾ ਹੈ। ਹਰਦਿੱਤ ਸਿੰਘ ਆਰ ਐਫ ਸੀ ਅਤੇ ਆਰ ਏ ਐਫ ਨਾਲ ਉਡਾਣਾਂ ਭਰਨ ਵਾਲੇ ਚਾਰ ਭਾਰਤੀ ਪਾਇਲਟਾਂ ਵਿੱਚੋਂ ਬਚ ਜਾਣ ਵਾਲੇ ਦੋ ਪਾਇਲਟਾਂ ਵਿੱਚੋਂ ਇੱਕ ਸਨ। ਉਨ੍ਹਾਂ 28 ਸਕਵਾਡਰਨ ਆਰ ਐਫ ਸੀ ਦੀ ਉਡਾਣ ਭਰੀ ਅਤੇ ਅਕਤੂਬਰ 1917 ਵਿੱਚ ਪੱਛਮੀ ਮੋਰਚੇ ਉੱਤੇ ਫਰਾਂਸ, ਇਟਲੀ ਵਿੱਚ ਲੜਾਕੂ ਮਿਸ਼ਨਾਂ ਤੇ ਸੋਪਵਿਦ ਕੈਮਲ ਜਹਾਜ਼ ਉਡਾ ਕੇ ਸੇਵਾਵਾਂ ਦਿੱਤੀਆਂ ਸਨ। ਵਿਸ਼ਵ ਯੁੱਧ ਵਿੱਚ ਹਿੱਸਾ ਲੈਣ ਵਾਲੇ 1300000 ਸਿੱਖਾਂ ਵਿੱਚੋਂ ਕੈਪਟਨ ਮਲਿਕ ਇੱਕ ਸਨ। 90 ਸਾਲ ਦੀ ਉਮਰ ਵਿੱਚ 1985 ਵਿੱਚ ਉਨ੍ਹਾਂ ਦਾ ਦਿਹਾਂਤ ਹੋ ਗਿਆ ਸੀ।


J & S Insulation & Rebar Ltd.



Residential & Commercial

Batt Insulation, Rigid Insulation, Insulate Sprinkler, Slab Insulation, Rebar, Poly, Styrofoam

Quality Work, Free Estimates

Best Price

Sarbjit: 604.841.9849



SKY BLUE DRYWALL LTD.

Residential & Commercial



T-Bar
Steel Stud
Boarding
Taping
Ceiling Texture
Renovation
Quality Work
Free Estimates

Daljit Singh

778-549-3605

E: singh.mand@icloud.com

# ਮਾਂ ਦੀ ਫਿਲਮ ਦਾ ਰੀਮੇਕ ਆਸਾਨ ਨਹੀਂ : ਜਾਹਨਵੀ ਕਪੂਰ



ਲੋਕ ਚਲੇ ਜਾਂਦੇ ਹਨ, ਪਰ ਆਪਣੀਆਂ ਦੀਆਂ ਯਾਦਾਂ ਵਿੱਚ ਹਮੇਸ਼ਾ ਰਹਿੰਦੇ ਹਨ। 24 ਫਰਵਰੀ ਸ੍ਰੀਦੇਵੀ ਦੀ ਤੀਜੀ ਬਰਸੀ ਸੀ। ਸਾਲ 2018 ਵਿੱਚ ਦੁਬਈ ਵਿੱਚ ਬਾਥ-ਟੱਬ ਵਿੱਚ ਡੁੱਬਣ ਕਾਰਨ ਸ੍ਰੀਦੇਵੀ ਦੀ ਮੌਤ ਹੋ ਗਈ ਸੀ। ਫਿਲਮ ਇੰਡਸਟਰੀ ਵਿੱਚ ਉਨ੍ਹਾਂ ਦੇ ਫੈਨਸ ਲਈ ਇਹ ਇੱਕ ਬਹੁਤ ਵੱਡਾ ਝਟਕਾ ਸੀ। ਜਦ ਸ੍ਰੀਦੇਵੀ ਦਾ ਦਿਹਾਂਤ ਹੋਇਆ, ਤਦ ਉਸ ਦੀ ਬੇਟੀ ਜਾਹਨਵੀ ਕਪੂਰ ਆਪਣੀ ਪਹਿਲੀ ਫਿਲਮ 'ਧੜਕ' ਦੀ ਸ਼ੂਟਿੰਗ ਕਰ ਰਹੀ ਸੀ। ਫਿਲਮ ਰਿਲੀਜ਼ ਤੋਂ ਪਹਿਲਾਂ ਹੀ ਸ੍ਰੀਦੇਵੀ ਦੁਨੀਆ ਨੂੰ ਅਲਵਿਦਾ ਕਹਿ ਗਈ। ਆਪਣੀ ਮਾਂ ਨੂੰ ਯਾਦ ਕਰਦਿਆਂ ਜਾਹਨਵੀ ਕਹਿੰਦੀ ਹੈ, "ਉਹ ਦੁਨੀਆ ਲਈ ਭਾਵੇਂ ਵੱਡੀ ਕਲਾਕਾਰ ਹੋਵੇ, ਪਰ ਮੈਂ ਉਨ੍ਹਾਂ ਨੂੰ ਕਦੇ ਐਕਟਰ ਵਾਂਗ ਨਹੀਂ ਦੇਖਦੀ ਸੀ। ਉਹ ਮੇਰੀ ਮਾਂ ਸੀ। ਉਹ ਦੁਨੀਆ ਦੀ ਸਭ ਤੋਂ ਵਧੀਆ ਅਭਿਨੇਤਰੀ ਸੀ, ਪਰ ਮੈਂ ਉਨ੍ਹਾਂ ਨੂੰ ਇੱਕ ਬੈਸਟ ਪਤਨੀ ਅਤੇ ਬੈਸਟ ਮਾਂ ਵਜੋਂ ਜਾਣਦੀ ਹਾਂ। ਉਮੀਦ ਕਰਦੀ ਹਾਂ ਕਿ ਜੋ ਪਰਵਾਰਕ ਕਦਰਾਂ ਕੀਮਤਾਂ ਉਨ੍ਹਾਂ ਨੇ ਮੈਨੂੰ ਸਿਖਾਈਆਂ ਹਨ, ਮੈਂ ਉਨ੍ਹਾਂ ਨੂੰ ਆਪਣੇ ਨਾਲ ਸੰਭਾਲ ਕੇ ਰੱਖ ਸਕਾਂ। ਉਨ੍ਹਾਂ ਨੇ ਜਿਵੇਂ ਪੂਰੇ ਪਰਵਾਰ ਨੂੰ ਪਿਆਰ ਨਾਲ ਜੋੜ ਕੇ ਰੱਖਿਆ ਸੀ, ਜਿੰਨਾ ਪਿਆਰ ਸਭ ਨੂੰ ਦਿੱਤਾ ਸੀ, ਉਹ ਮੈਂ ਕਦੇ ਆਪਣੇ ਪਰਵਾਰ ਦੇ ਸਕਾਂ। ਉਨ੍ਹਾਂ ਦੀ ਤਰ੍ਹਾਂ ਪਰਵਾਰ ਨੂੰ ਜੋੜ ਕੇ ਰੱਖ ਸਕਾਂ। ਆਪਣੀ ਮਾਂ ਦੀ ਕਿਸੇ ਫਿਲਮ ਦੇ ਰੀਮੇਕ ਵਿੱਚ ਕੰਮ ਕਰਨ ਦੇ ਸਵਾਲ @ਤੇ ਜਾਹਨਵੀ ਨੇ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਮੰਮੀ ਦੀ ਕਿਸੇ ਵੀ ਫਿਲਮ ਦਾ ਰੀਮੇਕ ਬਣ ਸਕਦਾ ਹੈ ਜਾਂ ਬਣਨਾ ਚਾਹੀਦਾ ਹੈ। ਮੇਰੇ ਖਿਆਲ @ਚ ਕੋਈ ਵੀ ਇਨਸਾਨ ਉਨ੍ਹਾਂ ਵਾਂਗ ਕੰਮ ਨਹੀਂ ਕਰ ਸਕੇਗਾ। ਜਾਹਨਵੀ ਦੀ ਹਾਰਰ ਕਾਮੇਡੀ ਫਿਲਮ 'ਰੂਹੀ' 11 ਮਾਰਚ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ।

# ਜਿਸ ਦੇ ਕਤਲ ਲਈ 4 ਜਣਿਆਂ ਨੇ ਸਜ਼ਾ ਕੱਟੀ, ਉਹ ਜਿੰਦਾ ਮਿਲਿਆ

ਭਦੋਹੀ-ਜੋਖਨ ਤਿਵਾੜੀ ਦਾ ਅਗਵਾ ਅਤੇ ਹੱਤਿਆ ਕਰ ਕੇ ਲਾਸ਼ ਗਾਇਬ ਕਰਨ ਦੇ ਕੇਸ ਵਿੱਚ ਚਾਰ ਜਣਿਆਂ ਨੇ ਸਜ਼ਾ ਕੱਟੀ, ਪਰ ਉਹ ਕੱਲ੍ਹ ਜਿੰਦਾ ਫੜਿਆ ਗਿਆ। ਸਮਝਿਆ ਜਾ ਸਕਦਾ ਹੈ ਕਿ ਜੋਖਨ ਤਿਵਾੜੀ ਦੀ ਸਾਜ਼ਿਸ਼ ਨੇ ਚਾਰ ਜਣਿਆਂ ਦੇ ਪਰਵਾਰਾਂ ਨੂੰ ਬਹੁਤ ਦਰਦ ਦਿੱਤਾ ਹੈ ਅਤੇ ਖੁਦ ਨੂੰ ਬੇਕਸੂਰ ਸਾਬਤ ਕਰਨ ਲਈ ਉਨ੍ਹਾਂ ਦੇ ਘਰ ਦੇ ਗਹਿਣੇ ਵਿਕ ਗਏ ਤੇ ਜ਼ਮੀਨ ਗਹਿਣੇ ਰੱਖਣੀ ਪਈ ਅਤੇ ਹਾਲੇ ਤੱਕ ਉਹ ਮੁਕੱਦਮੇ ਲਈ ਚੁੱਕੇ ਕਰਜ਼ੇ ਦਾ ਵਿਆਜ ਭਰ ਰਹੇ ਹਨ। ਇੱਕ ਦੋਸ਼ੀ ਦੂਧਨਾਥ ਦੀ ਪਤਨੀ ਸ਼ਕੁੰਤਲਾ ਦਾ ਕਹਿਣਾ ਹੈ ਕਿ ਹਾਈ ਕੋਰਟ ਤੱਕ ਪੈਰਵੀ ਕਰਨ ਵਿੱਚ ਕਰੀਬ ਦਸ ਲੱਖ ਰੁਪਏ ਖਰਚ ਕਰਨੇ ਪਏ ਸਨ। ਭਦੋਹੀ ਦੇ ਚਕ-ਨਿਰੰਜਨ ਪਿੰਡ ਦੇ ਬੇਚਨਰਾਮ ਤਿਵਾੜੀ ਨੇ 31 ਅਕਤੂਬਰ 2008 ਨੂੰ ਆਪਣੇ ਭਰਾ ਜੋਖਨ ਤਿਵਾੜੀ ਦੇ ਅਗਵਾ ਅਤੇ ਹੱਤਿਆ ਕਰ ਕੇ ਲਾਸ਼ ਗਾਇਬ ਕਰਨ ਦੀ ਰਿਪੋਰਟ ਗੋਪੀਗੰਜ ਕੋਤਵਾਲੀ ਵਿੱਚ ਦਰਜ ਕਰਵਾਈ ਤਾਂ ਓਸੇ ਪਿੰਡ ਦੇ ਦੂਧਨਾਥ ਤਿਵਾੜੀ, ਕਾਸ਼ੀਨਾਥ ਤਿਵਾੜੀ, ਉਨ੍ਹਾਂ ਦੇ ਰਿਸ਼ਤੇਦਾਰ ਛੋਟਨ ਤਿਵਾੜੀ ਤੇ ਇੱਕ ਰਿਸ਼ਤੇਦਾਰ ਵੰਸ਼ਰਾਜ ਤਿਵਾੜੀ (ਵਾਸੀ ਨੇਵਾਦਾ, ਜੌਨਪੁਰ) ਦੇ ਖਿਲਾਫ ਦੋਸ਼ ਲਾਏ ਸਨ। ਜਾਂਚ ਕਰਨ ਵਾਲੇ ਸਬ ਇੰਸਪੈਕਟਰ ਆਰ ਪੀ ਰਾਮ ਨੇ ਘਟਨਾ ਵਾਲੀ ਥਾਂ ਤੋਂ ਖ਼ੂਨ ਦਾ ਨਮੂਨਾ ਲਖਨਊ ਲੈਬ ਵਿੱਚ ਭੇਜਿਆ ਸੀ, ਪਰ ਜਾਂਚ ਵਿੱਚ ਘੱਟ ਖ਼ੂਨ ਹੋਣ ਦੇ ਕਾਰਨ ਸਥਿਤੀ ਸਪੱਸ਼ਟ ਨਹੀਂ ਹੋ ਸਕੀ। ਫਾਸਟ੍ਰੈਕ ਕੋਰਟ ਨੇ 2009 ਵਿੱਚ ਚਾਰਾਂ ਨੂੰ ਛੇ ਸਾਲ ਦੀ ਸਜ਼ਾ ਸੁਣਾਈ। ਇਸ ਦੌਰਾਨ ਜੋਖਨ ਦੀ ਪਤਨੀ ਨਿਸ਼ਾ ਵੀ ਗਾਇਬ ਹੋ ਗਈ। ਪੰਜ ਸਾਲ ਬਾਅਦ ਜਦ ਉਹ ਘਰ ਆਈ ਤਾਂ ਉਸ ਦੇ ਨਾਲ ਦੋ ਬੱਚੇ ਦੇਖ ਕੇ ਲੋਕਾਂ ਨੂੰ ਸ਼ੱਕ ਹੋਇਆ। ਲੁਕ-ਛਿਪ ਕੇ ਜੋਖਨ ਵੀ ਆਪਣੇ ਘਰ ਪਹੁੰਚਿਆ। ਕੱਲ੍ਹ ਭਿਣਕ ਲੱਗੀ ਤਾਂ ਦੋਸ਼ੀ ਧਿਰ ਦੀ ਔਰਤ ਦੀ ਸੂਚਨਾ ਉੱਤੇ ਪੁਲਸ ਨੇ ਉਸ ਨੂੰ ਹਿਰਾਸਤਵਿੱਚ ਲੈ ਕੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਐਸ ਪੀ ਰਾਮਬਦਨ ਸਿੰਘ ਨੇ ਦੱਸਿਆ ਕਿ ਜੋਖਨ ਨੂੰ ਹਿਰਾਸਤਵਿੱਚ ਲੈ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ।

# 'ਦ ਨਾਈਟ ਮੈਨੇਜਰ' ਦੇ ਹਿੰਦੀ ਰੀਮੇਕ ਤੋਂ ਵੱਖ ਹੋਏ ਰਿਤਿਕ ਰੋਸ਼ਨ

ਕਾਫੀ ਸਮੇਂ ਤੋਂ ਚਰਚਾ ਸੀ ਕਿ ਰਿਤਿਕ ਰੋਸ਼ਨ ਬ੍ਰਿਟਿਸ਼ ਮਿਨੀ ਸੀਰੀਜ਼ 'ਦ ਨਾਈਟ ਮੈਨੇਜਰ' ਦੇ ਹਿੰਦੀ ਰੀਮੇਕ ਦੇ ਨਾਲ ਓ ਟੀ ਟੀ ਡੈਬਿਊ ਕਰਨ ਜਾ ਰਹੇ ਹਨ। ਸੁਣਨ ਵਿੱਚ ਆਇਆ ਹੈ ਕਿ ਰਿਤਿਕ ਨੇ ਇਸ ਪ੍ਰੋਜੈਕਟ ਤੋਂ ਖੁਦ ਅਲੱਗ ਕਰ ਲਿਆ ਹੈ। ਦਰਅਸਲ ਰਿਤਿਕ ਲੰਮੇ ਸ਼ਡਿਊਲ ਹੋਣ ਦੇ ਕਾਰਨ ਇਸ ਪ੍ਰੋਜੈਕਟ ਵਿੱਚ ਕੰਫਰਟ ਫੀਲ ਨਹੀਂ ਕਰ ਰਹੇ ਸਨ ਅਤੇ ਇਸੇ ਕਾਰਨ ਉਨ੍ਹਾਂ ਨੇ ਇਹ ਫੈਸਲਾ ਲਿਆ ਹੈ। ਗੌਰਤਲਬ ਹੈ ਕਿ ਇਸ ਪ੍ਰੋਜੈਕਟ ਲਈ ਉਨ੍ਹਾਂ ਨੂੰ ਕਾਫੀ ਵੱਡੀ ਰਕਮ 75 ਕਰੋੜ ਰੁਪਏ ਮਿਲੇ ਤੈਅ ਹੋਏ ਸਨ ਅਤੇ ਡਿਜ਼ਨੀ ਹੌਟ ਸਟਾਰ 'ਤੇ ਇਸ ਦੀ ਸਟ੍ਰੀਮਿੰਗ ਦੀ ਗੱਲ ਵੀ ਲਗਭਗ ਫਾਈਨਲ ਸੀ। ਸੀਰੀਜ਼ ਨੂੰ ਪ੍ਰੀਤੀ ਜਿੰਟਾ ਪ੍ਰੋਡਿਊਸ ਕਰਨ ਵਾਲੀ ਸੀ, ਪਰ ਰਿਤਿਕ ਨੇ ਮਾਰਚ ਵਿੱਚ ਸ਼ੁਰੂ ਹੋਣ ਜਾ ਰਹੀ ਇਸ ਦੀ ਸ਼ੂਟਿੰਗ ਨੂੰ ਕੈਂਸਲ ਕਰ ਦਿੱਤਾ ਹੈ।







IT'S A HEALTH ISSUE, NOT A RACE ISSUE.

Don't turn a blind eye. COVID-19 affects us all. Racism doesn't have to.

healthnothate.com #HealthNotHate



METRO CONTRACTING LTD.

Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract




Residential & Commercial

Gurvinder Sanghera: 604-729-1435
Email: gsanghera77@gmail.com

# ਕੋਵਿਡ-19

# ਖਾਣੇ ਨਾਲ ਸਬੰਧਿਤ ਜ਼ਰੂਰੀ ਨੁਕਤੇ

**ਡਾ: ਪਰਵਿੰਦਰ ਸਿੰਘ ਐਮ. ਡੀ.**

ਕੀ ਕੋਵਿਡ ਖਾਣੇ ਤੋਂ ਵੀ ਹੋ ਸਕਦਾ ਹੈ? ਕੋਵਿਡ ਵਿੱਚ ਭੋਜਨ ਦਾ ਖਿਆਲ ਕਿਵੇਂ ਰੱਖੀਏ? ਐਸੇ ਕਈ ਪ੍ਰਸ਼ਨ ਸਾਡੇ ਮਨ ਵਿੱਚ ਆਉਂਦੇ ਰਹਿੰਦੇ ਹਨ ਜਿਨ੍ਹਾਂ ਦੇ ਜੁਆਬ ਕਈ ਵਾਰ ਸਾਡੇ ਕੋਲ ਸਾਫ-ਸਾਫ ਨਹੀਂ ਹੁੰਦੇ। ਕਿਉਂਕਿ ਇਸ ਬਿਮਾਰੀ ਦਾ ਅਜੇ ਤੱਕ ਕੋਈ ਇਲਾਜ ਨਹੀਂ ਹੈ ਇਸ ਲਈ ਇਸ ਦੇ ਬਚਾਅ ਵਿੱਚ ਹੀ ਸਾਡਾ ਭਲਾ ਹੈ। ਚੰਗਾ ਖਾਣਾ ਹੀ ਸਰੀਰ ਦੀ ਰੋਗਾਂ ਨਾਲ ਲੜ੍ਹਨ ਦੀ ਸ਼ਕਤੀ ਵਧਾਉਂਦਾ ਹੈ, ਇਸ ਲਈ ਇਸ ਬਿਮਾਰੀ ਵਿੱਚ ਖਾਣੇ ਦਾ ਬਹੁਤ ਹੀ ਜ਼ਿਆਦਾ ਖਿਆਲ ਰੱਖਣਾ ਚਾਹੀਦਾ ਹੈ। ਖਾਣੇ ਨਾਲ ਸੰਬੰਧਤ ਕਈ ਪ੍ਰਸ਼ਨ ਜਿਨ੍ਹਾਂ ਬਾਰੇ ਅਸੀਂ ਚੰਗੀ ਤਰ੍ਹਾਂ ਨਹੀਂ ਜਾਣਦੇ, ਤੁਹਾਡੇ ਤੱਕ ਪਹੁੰਚਾਉਣ ਦੀ ਕੋਸ਼ਿਸ਼ ਇਸ ਆਰਟੀਕਲ ਦੇ ਜ਼ਰੀਏ ਕਰ ਰਿਹਾ ਹਾਂ।

## ਕੀ ਮੈਨੂੰ ਭੋਜਨ ਤੋਂ ਕੋਵਿਡ ਹੋ ਸਕਦਾ ਹੈ?

ਅਜੇ ਤੱਕ ਇਸ ਤਰ੍ਹਾਂ ਦਾ ਕੋਈ ਸਬੂਤ ਨਹੀਂ ਹੈ ਜਿਸ ਤੋਂ ਪਤਾ ਲੱਗੇ ਕਿ ਕੋਵਿਡ ਭੋਜਨ ਨਾਲ ਵੀ ਫੈਲਦਾ ਹੈ ਜਿਵੇਂ ਕਿ ਹੋਰ ਬਿਮਾਰੀਆਂ ਜਿਵੇਂ ਕਿ ਹੈਪੇਟਾਈਟਸ, ਟਾਈਫਾਈਡ, ਹੈਜ਼ਾ ਆਦਿ ਚੂੰਕਿ ਕੋਵਿਡ ਦਾ ਵਾਇਰਸ ਸਾਡੇ ਸਾਹ ਦੇ ਰਸਤੇ ਹੁੰਦਾ ਹੈ, ਇਸ ਲਈ ਇਹ ਮਰੀਜ਼ ਦੀ ਥੁੱਕ ਨਾਲ, ਜਦੋਂ ਕਿ ਬੰਦਾ ਖਾਂਸੀ ਕਰਦਾ ਹੈ ਜਾਂ ਛਿੱਕ ਮਾਰਦਾ ਹੈ, ਤਾਂ ਹੀ ਫੈਲਦਾ ਹੈ।

**ਕੀ ? ਕੋਵਿਡ ਦਾ ਵਾਇਰਸ ਖਾਣੇ ਦੀ ਸਤਿਹ ਜਿਵੇਂ ਕਿ ਫਲ ਤੇ ਸਬਜੀਆਂ, ਫ੍ਰੋਜ਼ਨ ਫੂਡ ਅਤੇ ਪੈਕ ਫੂਡ ਆਦਿਕ ਦੇ ਉਪਰ ਵੀ ਰਹਿ ਸਕਦਾ ਹੈ ਅਤੇ ਇਸ ਨਾਲ ਸਾਨੂੰ ਕੋਵਿਡ ਹੋ ਸਕਦਾ ਹੈ?**

—ਇਹ ਠੀਕ ਹੈ ਕਿ ਕੋਵਿਡ ਵਾਇਰਸ ਫਲ ਤੇ ਸਬਜੀਆਂ, ਫ੍ਰੋਜ਼ਨ ਫੂਡ ਅਤੇ ਭੋਜਨ ਦੇ ਪੈਕਟਾਂ ਤੇ ਰਹਿ ਸਕਦਾ ਹੈ ਅਤੇ ਬਾਕੀ ਕਰੋਨਾ ਵਾਇਰਸ ਵਾਂਗ ਕਾਫੀ ਦੇਰ ਤੱਕ ਉਥੇ ਰਹਿ ਸਕਦਾ ਹੈ ਪਰ ਉਹ ਉਥੇ ਵੱਧ ਫੁੱਲ ਨਹੀਂ ਸਕਦਾ ਅਤੇ ਕੁੱਝ ਕੁ ਸਮੇਂ ਮਗਰੋਂ ਇਹ ਮਰ ਜਾਂਦਾ ਹੈ ਜੇ ਅਸੀਂ ਇਹ ਵਾਇਰਸ ਵਾਲਾ ਭੋਜਨ ਖਾਂਦੇ ਵੀ ਹਾਂ ਤਾਂ ਇਹ ਵਾਇਰਸ ਸਾਡੇ ਮਿਹਦੇ ਦੇ ਐਸਿਡ ਦੇ ਸੰਪਰਕ ਵਿੱਚ ਆ ਕੇ ਮਰ ਜਾਂਦਾ ਹੈ ਅਤੇ ਅਜੇ ਤੱਕ ਇਹੋ ਜਿਹਾ ਕੋਈ ਕੇਸ ਦੇਖਣ ਨੂੰ ਨਹੀਂ ਮਿਲਿਆ ਜਿਸ ਤੋਂ ਪਤਾ ਲਗਦਾ ਹੋਵੇ ਕਿ ਇਹ ਬਿਮਾਰੀ ਖਾਣੇ ਤੋਂ ਵੀ ਹੋ ਸਕਦੀ ਹੈ। ਹਾਂ ਪਰ ਇਹ ਖਾਣੇ ਦੇ ਪੈਕਟ ਜਾਂ ਫਲ ਸਬਜੀਆਂ ਜਿਸ ਤੇ ਵਾਇਰਸ ਹੋਵੇ ਅਤੇ ਅਜੇ ਮਰਿਆ ਨਾ ਹੋਵੇ ਅਤੇ ਇਹ ਸਾਡੇ ਹੱਥਾਂ ਤੇ ਲੱਗ ਜਾਵੇ ਅਤੇ ਇਹ ਗੰਦੇ ਹੱਥਾਂ ਨੂੰ ਅੱਖਾਂ ਤੇ, ਮੂੰਹ ਤੇ ਜਾਂ ਨੱਕ ਨੂੰ ਛੂਹਣ ਨਾਲ ਇਸ ਦੇ ਫੈਲਣ ਦਾ ਖਤਰਾ ਰਹਿੰਦਾ ਹੈ। ਇਸ ਲਈ ਇਨ੍ਹਾਂ ਚੀਜ਼ਾਂ ਨੂੰ ਛੂਹਣ ਤੋਂ ਬਾਅਦ ਹੱਥਾਂ ਨੂੰ ਚੰਗੀ ਤਰ੍ਹਾਂ ਸਾਬਣ ਨਾਲ ਜਾਂ ਸੈਨੇਟਾਈਜ਼ਰ ਨਾਲ ਧੋਣਾ ਚਾਹੀਦਾ ਹੈ ਤਾਂ ਕਿ ਸਾਡੇ ਹੱਥਾਂ ਤੋਂ ਇਹ ਸਾਨੂੰ ਨਾ ਫੈਲੇ। ਖਾਣੇ ਤੋਂ ਇਹ ਵਾਇਰਸ ਨਹੀਂ ਫੈਲਦਾ।



**ਫਲਾਂ ਤੇ ਸਬਜੀਆਂ ਨੂੰ ਵੀ ਧੋਣ ਦਾ ਕੀ ਕੋਈ ਅਲੱਗ ਤਰੀਕਾ ਹੈ ਜਾਂ ਆਮ ਵਾਂਗ ਹੀ ਧੋਈਏ ਅਤੇ ਖਾਣਾ ਬਣਾਉਣ ਵਿੱਚ ਕੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ?**

—ਫਲਾਂ ਤੇ ਸਬਜੀਆਂ ਨੂੰ ਸਾਫ ਪਾਣੀ ਨਾਲ ਧੋਣਾ ਹੀ ਕਾਫੀ ਹੈ। ਧੋਣ ਵੇਲੇ ਇਹ ਗੱਲ ਧਿਆਨ ਵਿੱਚ ਰੱਖੀ ਜਾਏ ਕਿ ਇਨ੍ਹਾਂ ਨੂੰ ਥੋੜ੍ਹਾ ਜਿਹਾ ਸਮਾਂ ਲਗਾ ਕੇ ਚੰਗੀ ਤਰ੍ਹਾਂ ਨਾਲ ਧੋਇਆ ਜਾਵੇ।ਇਸ ਤੋਂ ਇਲਾਵਾ ਹੇਠ ਲਿਖੀਆਂ ਚੀਜ਼ਾਂ ਦਾ ਵੀ ਖਿਆਲ ਰੱਖਣਾ ਜ਼ਰੂਰੀ ਹੈ। ਜਿਵੇਂ ਕਿ—

## ਫਲ ਤੇ ਸਬਜੀਆਂ ਨੂੰ ਸਾਫ ਰੱਖੋ।

- ਕੱਚਾ ਅਤੇ ਪੱਕਾ ਭੋਜਨ ਅਲੱਗ ਅਲੱਗ ਰੱਖੋ, ਕਿ ?ਕਿ ਕੱਚੇ ਭੋਜਨ ਵਿੱਚ ਜਿਵੇਂ ਕਿ ਮੀਟ ਆਦਿਕ ਵਿੱਚ ਕਈ ਖਤਰਨਾਕ ਜੀਵਾਣੂ ਹੋ ਸਕਦੇ ਹਨ ਜੋ ਕਿ ਪੱਕੇ ਭੋਜਨ ਵਿੱਚ ਜਾ ਸਕਦੇ ਹਨ ਅਤੇ ਸਾਨੂੰ ਬਿਮਾਰੀ ਕਰ ਸਕਦੇ ਹਨ।
- ਖਾਣੇ ਨੂੰ ਚੰਗੀ ਤਰ੍ਹਾਂ ਪਕਾ?, ਜਿਸ ਨਾਲ ਕਈ ਖਤਰਨਾਕ ਜੀਵਾਣੂ ਅਸਾਨੀ ਨਾਲ ਮਰ ਜਾਂਦੇ ਹਨ।ਖਾਣੇ ਨੂੰ ਅੰਦਰੋਂ ਘੱਟੋ:. ਘੱਟ 75 ਡਿਗਰੀ ਤੱਕ ਪਕਾਉਣਾ ਜ਼ਰੂਰੀ ਹੈ।
- ਖਾਣੇ ਨੂੰ ਸਹੀ ਤਾਪਮਾਨ ਤੇ ਸਟੋਰ ਕਰਨਾ ਵੀ ਜ਼ਰੂਰੀ ਹੈ।ਭੋਜਨ ਨੂੰ ਗਲਤ ਤਾਪਮਾਨ ਤੇ ਰੱਖਣ ਕਰਕੇ ਇਸ ਵਿੱਚ ਜੀਵਾਣੂਆਂ ਦਾ ਵਾਧਾ ਬੜ੍ਹੀ ਹੀ ਜਲਦੀ ਹੁੰਦਾ ਹੈ।
- ਖਾਣੇ ਦੀ ਕੋਈ ਵੀ ਚੀਜ਼ ਖਰੀਦਣ ਤੋਂ ਪਹਿਲਾਂ, ਖਾਸ ਕਰਕੇ ਪੈਕ ਫੂਡ ਆਦਿਕ, ਇਸ ਦੀ ਮਿਆਦ ਪੁੱਗਣ ਦੀ ਤਰੀਕ ਚੰਗੀ ਤਰ੍ਹਾਂ ਚੈੱਕ ਕਰਨੀ ਜ਼ਰੂਰੀ ਹੈ।

## ਸਾਫ ਪਾਣੀ ਅਤੇ ਹੋਰ ਸਮਾਨ ਸਾਫ ਰੱਖੋ।

**ਕੀ ਕੋਵਿਡ ਵਾਇਰਸ ਫੂਡ ਪੈਕਟਾਂ ਤੇ ਰਹਿ ਸਕਦਾ ਹੈ।ਜੇ ਹਾਂ ਤਾਂ ਕਿੰਨਾ ਚਿਰ ਅਤੇ ਕੀ ਇਨ੍ਹਾਂ ਨੂੰ ਸੈਨੇਟਾਈਜ਼ ਕਰਨਾ ਜ਼ਰੂਰੀ ਹੈ?**

—ਇਹ ਗੱਲ ਬਿਲਕੁਲ ਦਰੁਸਤ ਹੈ ਕਿ ਖਾਣੇ ਦੇ ਪੈਕਟਾਂ ਤੇ ਵਾਇਰਸ ਰਹਿ ਸਕਦਾ ਹੈ, ਪਰ ਜਿਵੇਂ ਕਿ ਅਸੀਂ ਪਹਿਲਾਂ ਵੀ ਚਰਚਾ ਕੀਤੀ ਹੈ, ਇਹ ਉਥੇ ਵੱਧ ਫੁੱਲ ਨਹੀਂ ਸਕਦਾ ਅਤੇ ਕੁੱਝ ਇੱਕ ਘੰਟਿਆਂ ਜਾਂ ਦਿਨਾਂ ਮਗਰੋਂ ਮਰ ਜਾਂਦਾ ਹੈ।ਇਸ ਲਈ ਭੋਜਨ ਦੇ ਪੈਕਟ ਨੂੰ ਡਿਸਇਨਫੈਕਟ / ਸੈਨੇਟਾਈਜ਼ ਕਰਨ ਦੀ ਕੋਈ ਲੋੜ ਨਹੀਂ ਹੈ। ਹਾਂ ਆਪਣੇ ਹੱਥਾਂ ਨੂੰ ਖਾਣਾ ਕੱਢਣ ਤੋਂ ਪਹਿਲਾਂ ਅਤੇ ਖਾਣਾ ਖਾਣ ਤੋਂ ਪਹਿਲਾ ਚੰਗੀ ਤਰ੍ਹਾਂ ਸਾਬਣ ਨਾਲ ਜਾਂ ਸੈਨੇਟਾਈਜ਼ਰ ਨਾਲ ਸਾਫ ਕਰਨਾ ਜ਼ਰੂਰੀ ਹੈ ਤਾਂ ਕਿ ਇਹ ਸਾਡੇ ਹੱਥਾਂ ਤੋਂ ਨੱਕ ਦੇ ਰਸਤੇ ਸਾਡੇ ਸਾਹ ਦੇ ਰਸਤੇ ਵਿੱਚ ਨਾ ਪਹੁੰਚ ਜਾਵੇ।

**ਖਾਣਾ ਕਿਨੇ ਸਮੇਂ ਤੱਕ ਪਕਾਉਣਾ ਚਾਹੀਦਾ ਹੈ।ਕਿੰਨੇ ਤਾਪਮਾਨ ਤੇ ਇਹ ਵਾਇਰਸ ਮਰ ਸਕਦਾ ਹੈ?**

—ਇਹ ਵਾਇਰਸ ਵੀ ਬਾਕੀ ਜੀਵਾਣੂਆਂ ਵਾਂਗ ਗਰਮੀ ਨਾਲ ਜਲਦੀ ਮਰ ਜਾਂਦਾ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਭੋਜਨ ਨੂੰ ਘੱਟੋ:ਘੱਟ 70:75 ਡਿਗਰੀ ਤੇ ਪਕਾਉਣਾ ਚਾਹੀਦਾ ਹੈ। ਇਹ ਤਾਪਮਾਨ ਖਾਣੇ ਦੇ ਅੰਦਰ ਦਾ ਤਾਪਮਾਨ ਹੈ, ਨਾ ਕਿ ਖਾਣੇ ਦੀ ਸਤਿਹ ਦਾ।

**ਕਰਿਆਨੇ ਦੀਆਂ ਦੁਕਾਨਾਂ ਤੇ ਖਪਤਕਾਰਾਂ ਨੂੰ ਕੀ ਕੀ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ?**

—ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਇਸ ਬਿਮਾਰੀ ਦੀ ਅਜੇ ਤੱਕ ਕੋਈ ਦਵਾਈ ਨਹੀਂ ਆਈ, ਇਸ ਲਈ ਇਸ ਦੇ ਬਚਾਅ ਵਿੱਚ










# ਪੰਜਾਬੀਓ ! 'ਸਰਬੰਸ ਕੌਰ' ਨੂੰ ਤੁਹਾਡੇ ਸਹਿਯੋਗ ਦੀ ਲੋੜ



ਮੌਜੂਦਾ ਦੌਰ ਵਿੱਚ ਜਦੋਂ ਸਾਡੀ ਮਾਂ ਬੋਲੀ ਪੰਜਾਬੀ ਵਿਸ਼ਵੀਕਰਨ ਦੇ ਦੌਰ ਵਿੱਚ ਆਪਣਾ ਵਜੂਦ ਕਾਇਮ ਰੱਖਣ ਲਈ ਜੱਦੋ-ਜਹਿਦ ਕਰ ਰਹੀ ਹੈ ਤਾਂ ਉਸ ਵੇਲੇ ਇਹ ਇਕ ਦਿਲ ਨੂੰ ਧਰਵਾਸ, ਹੌਸਲਾ ਅਤੇ ਨਵੀਂ ਉਮੀਦ ਜਗਾਉਣ ਵਾਲੀ ਖ਼ਬਰ ਹੈ ਕਿ ਇਕ ਸਰਕਾਰੀ ਸਕੂਲ ਦੇ ਕੰਪਿਊਟਰ ਅਧਿਆਪਕ ਨੇ ਆਪਣੇ ਬਲਬੂਤੇ ਪੰਜਾਬੀ ਬੋਲਣ ਅਤੇ ਸਮਝਣ ਵਾਲਾ ਪਹਿਲਾ ਦਸਤਾਰਧਾਰੀ ਰੋਬੋਟ 'ਸਰਬੰਸ ਕੌਰ' ਤਿਆਰ ਕੀਤਾ ਹੈ। ਗੱਲ



ਕਰਦੇ ਹਾਂ ਹਰਜੀਤ ਸਿੰਘ ਦੀ ਜੋ ਕਿ ਸਰਕਾਰੀ ਹਾਈ ਸਕੂਲ ਰੇਹਜਰੀ ਜਿਲਾਂ ਜਲੰਧਰ ਵਿਖੇ ਬਤੌਰ ਕੰਪਿਊਟਰ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ। ਹਰਜੀਤ ਸਿੰਘ ਸਭ ਤੋ ਪਹਿਲਾਂ ਚਰਚਾ ਵਿੱਚ ਉਸ ਸਮੇਂ ਆਏ ਸਨ ਜਦੋਂ ਉਨ੍ਹਾਂ ਨੇ 'ਸਰਬੰਸ' ਨਾਮ ਦੀ ਪ੍ਰੋਗਰਾਮਿੰਗ ਭਾਸ਼ਾ ਪੰਜਾਬੀ ਵਿੱਚ ਤਿਆਰ ਕਰਕੇ ਇਕ ਨਵੀਂ ਪਿਰਤ ਪਾਈ ਸੀ। ਇਸ ਤੋਂ ਬਾਅਦ ਪਿਛਲੇ ਸਾਲ ਹੀ ਉਨ੍ਹਾਂ ਨੇ ਪੰਜਾਬੀ ਬੋਲਣ ਅਤੇ ਸਮਝਣ ਵਾਲਾ ਪਹਿਲਾ ਪੰਜਾਬੀ ਰੋਬੋਟ ਤਿਆਰ ਕਰਕੇ ਇਤਿਹਾਸ ਸਿਰਜ ਦਿੱਤਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਉਸ ਸਮੇਂ ਇਸ ਰੋਬੋਟ ਦਾ ਸਿਰਫ਼ ਸਿਰ ਹੀ ਤਿਆਰ ਕੀਤਾ ਗਿਆ ਸੀ ਜਦੋਂ ਕਿ ਹੁਣ ਚਾਰ ਮਹੀਨਿਆਂ ਦੀ ਦਿਨ-ਰਾਤ ਦੀ ਮਿਹਨਤ ਤੋਂ ਬਾਅਦ 'ਸਰਬੰਸ ਕੌਰ' ਦਾ ਧੜ ਵੀ ਤਿਆਰ ਹੋ ਚੁੱਕਾ ਹੈ।




**'ਸਰਬੰਸ ਕੌਰ' ਦੀਆਂ ਕੁੱਝ ਖਾਸ ਵਿਸ਼ੇਸ਼ਤਾਵਾਂ:—**

ਪਹਿਲੀ ਦਸਤਾਰਧਾਰੀ ਸਿੱਖ ਰੋਬੋਟ।

ਪਹਿਲਾ ਰੋਬੋਟ ਜੋ ਪੰਜਾਬੀ ਅਤੇ ਗੁਰਬਾਣੀ ਬੋਲ ਅਤੇ ਸਮਝ ਸਕਦਾ ਹੈ।

ਅਧਿਆਪਨ ਕਿਤੇ ਵਿੱਚ ਇਕ ਸਹਿਯੋਗੀ ਵਜੋਂ ਆਪਣੀ ਭੂਮਿਕਾ ਨਿਭਾ ਸਕਦਾ ਹੈ।

ਸਰਬੰਸ ਕੌਰ ਨੂੰ ਧਾਰਮਿਕ ਸਥਾਨਾਂ ਉੱਪਰ ਬਤੌਰ ਗਾਈਡ ਵਰਤਿਆ ਜਾ ਸਕਦਾ ਹੈ।

ਮਾਂ-ਬੋਲੀ ਪੰਜਾਬੀ ਦੇ ਪਰਚਾਰ ਅਤੇ ਪਸਾਰ ਲਈ ਲਾਹੇਵੰਦ ਸਿੱਧ ਹੋ ਸਕਦਾ ਹੈ।

ਇਸ ਦੇ ਡਾਟਾਬੇਸ ਨੂੰ ਸਮੇਂ ਦੀ ਮੰਗ ਅਨੁਸਾਰ ਅੱਪਡੇਟ ਕੀਤਾ ਜਾ ਸਕਦਾ ਹੈ।

ਆਮ ਗਿਆਨ, ਸਮਾਜਿਕ ਗਿਆਨ, ਹਿਸਾਬ-ਕਿਤਾਬ, ਇਤਿਹਾਸ, ਮਨੋਰੰਜਨ ਕਰਨ ਵਰਗੀ ਸਮਰੱਥਾ ਨਾਲ ਲੈਸ ਕੀਤਾ ਜਾ ਸਕਦਾ ਹੈ।

ਇਸ ਰੋਬੋਟ ਵਿੱਚ ਰੋਜ਼ਾਨਾ ਆਮ ਵਰਤੋਂ ਦੀਆਂ ਘਰੇਲੂ ਵਸਤਾਂ ਨੂੰ ਵਰਤਿਆ ਗਿਆ ਹੈ ਜਿਵੇਂ ਕਾਪੀਆਂ ਦੇ ਕਵਰ,ਗੱਤਾ,ਬਿਜਲੀ ਦੀਆਂ ਤਾਰਾ,ਖਿਡੌਣੇ ਅਤੇ ਪਲੱਗ ਆਦਿ।ਪਰ ਫਿਰ ਵੀ ਹੁਣ ਤੱਕ ਇਸ ਰੋਬੋਟ ਉਪਰ ਤਕਰੀਬਨ ਢੇਡ ਲੱਖ ਦਾ ਖਰਚਾ ਆ ਚੁੱਕਾ ਹੈ। ਹਰਜੀਤ ਸਿੰਘ ਆਪਣੇ ਦੁਆਰਾ ਕੀਤੇ ਕਾਰਜ ਪਿਛੇ ਜਿੱਥੇ ਉਸ ਅਕਾਲ ਪੁਰਖ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਕਦੇ ਨਹੀਂ ਭੁੱਲਦੇ, ਉਥੇ ਹੀ ਇਸ ਰੋਬੋਟ ਨੂੰ ਈਜਾਦ ਕਰਨ ਵਿੱਚ ਆਪਣੇ ਪਰਿਵਾਰ ਦਾ ਸਹਿਯੋਗ ਨੂੰ ਵੀ ਅਹਿਮ ਮੰਨਦੇ ਹਨ।ਇਸ ਰੋਬੋਟ ਨੂੰ ਅਵਾਜ਼ ਉਨ੍ਹਾਂ ਦੀ ਧਰਮ-ਪਤਨੀ ਸ਼੍ਰੀਮਤੀ ਜਸਪ੍ਰੀਤ ਕੌਰਨੇ ਦਿੱਤੀ ਹੈ।ਹਰਜੀਤ ਸਿੰਘ ਦੇ ਪਿਤਾ ਸ. ਅਮਰੀਕ ਸਿੰਘ ਜੋ ਕਿ ਆਬਕਾਰੀ ਵਿਭਾਗ ਤੋਂ ਬਤੌਰ ਗਜ਼ਟਿਡ ਅਫਸਰ ਅਤੇ ਮਾਤਾ ਸ਼੍ਰੀਮਤੀ ਗੁਰਬਚਨ ਕੌਰ ਬਤੌਰ ਸੈਂਟਰ ਹੈੱਡ ਟੀਚਰਦੀ ਪੋਸਟ ਤੋਂ ਸੇਵਾ ਮੁਕਤ ਹੋਏ ਹਨ।ਹਰਜੀਤ ਸਿੰਘ ਜੀ ਭਾਵੁੱਕ ਹੋ ਕੇ ਦੱਸਦੇ ਹਨ ਕਿ ਇਸ ਕਾਰਜ ਵਿੱਚ ਮਾਪਿਆਂ ਦੀਆ ਦੁਆਵਾਂ ਦਾ ਵੀ ਬਹੁਤ ਵੱਡਾ ਯੋਗਦਾਨ ਹੈ।

ਹਰਜੀਤ ਸਿੰਘ ਜੀ ਦੇ ਦੱਸਣ ਮੁਤਾਬਕ ਉਹ ਇਸ ਸਮੇਂ ਇਸ ਰੋਬੋਟ ਨੂੰ ਹੋਰ ਬਿਹਤਰ, ਪ੍ਰਭਾਵਸ਼ਾਲੀ ਅਤੇ ਬਣਾਉਟੀ ਬੁੱਧੀ ਨਾਲ ਵੱਧ ਤੋਂ ਵੱਧ ਲੈਸ ਕਰਨਾ ਚਾਹੁੰਦੇ ਹਨ।ਇਸ ਦੀ ਅਵਾਜ਼ ਉਪਰ ਹੋਰ ਸੁਧਾਰ ਦੀ ਲੋੜ ਹੈ।'ਸਰਬੰਸ ਕੌਰ' ਨੂੰ ਤੁਰਨ-ਫਿਰਨ ਦੇ ਕਾਬਲ ਬਣਾਉਣ ਲਈ ਇਕ ਵੱਡੇ ਨਿਵੇਸ਼ ਦੀ ਲੋੜ ਹੈ। ਇਸ ਸਭ ਦੇ ਲਈ ਉਨ੍ਹਾਂ ਨੂੰ ਕਿਸੇ ਸੰਸਥਾ ਜਾਂ ਸਰਕਾਰ ਦੇ ਸਹਿਯੋਗ ਦੀ ਲੋੜ ਹੈ ਤਾਂ ਜੋ ਉਹ ਇਸ ਪਹਿਲੇ ਦਸਤਾਰਧਾਰੀ ਪੰਜਾਬੀ ਰੋਬੋਟ ਨੂੰ ਦੁਨੀਆਂ ਦੇ ਬਿਹਤਰੀਨ ਰੋਬੋਟ ਵਿੱਚ ਸ਼ੁਮਾਰ ਕਰਵਾਉਣ ਦੀ ਆਪਣੀ ਕੋਸ਼ਿਸ਼ ਜਾਰੀ ਰੱਖ ਸਕਣ।

ਸਰਕਾਰਾਂ ਜਾਂ ਬੁੱਧੀਜੀਵੀ ਵਰਗ ਅਕਸਰ ਇਹ ਕਹਿੰਦੇ ਸੁਣੀਦੇ ਹਨ ਕਿ ਨਵੀਂ ਪੀੜੀ ਵਿਦੇਸ਼ਾਂ ਨੂੰ ਭੱਜ ਰਹੀ ਹੈ ਅਤੇ ਪੰਜਾਬ ਵਿੱਚ ਨਿਪੁੰਨ ਪੇਸ਼ਾਵਰ ਵਿਦਿਆਰਥੀਆਂ ਦੀ ਘਾਟ ਪੈਦਾ ਹੋ ਰਹੀ ਹੈ , ਸੋ ਜੇਕਰ ਅਜਿਹਾ ਰੋਕਣਾ ਹੈ ਤਾਂ ਸਰਕਾਰ ਅਤੇ ਹੋਰ ਸੰਸਥਾਵਾਂ ਨੂੰ ਹਰਜੀਤ ਸਿੰਘ ਵਰਗੇ ਪੰਜਾਬੀਅਤ ਨੂੰ ਅਥਾਹ ਪਿਆਰ ਕਰਨ ਵਾਲੇ ਨੌਜਵਾਨਾਂ ਨੂੰ ਹੱਲਾਸ਼ੇਰੀ ਦੇਣੀ ਬਣਦੀ ਹੈ ਤਾਂ ਜੋ ਪੰਜਾਬੀ ਬੋਲੀ ਦੇ ਪ੍ਰਚਾਰ ਅਤੇ ਪਸਾਰ ਲਈ ਹੋਰ ਨਿਠ ਕੇ ਕੰਮ ਕਰ ਸਕਣ।ਉਮੀਦ ਹੈ ਕਿ 'ਸਰਬੰਸ ਕੌਰ' ਨੂੰ ਸਭ ਦਾ ਸਹਿਯੋਗ ਮਿਲੇਗਾ....ਆਮੀਨ !

**ਜਗਜੀਤ ਸਿੰਘ ਗਣੇਸ਼ਪੁਰ**
**ਪਿੰਡ ਤੇ ਡਾਕ: ਗਣੇਸ਼ਪੁਰ ਭਾਰਟਾ,**
**ਜ਼ਿਲ੍ਹਾ ਹੁਸ਼ਿਆਰਪੁਰ,, 9465576022**



## ਮਹਾਂ-ਸ਼ਿਵਰਾਤਰੀ 'ਤੇ ਵਿਸ਼ੇਸ਼

## ਭਗਤਾਂ ਦੇ ਦੁੱਖ ਹਰਨ ਵਾਲੇ

# ਭਗਵਾਨ ਭੋਲੇ ਨਾਥ

ਜਦ ਤੋਂ ਵੀ ਇਸ ਦੁਨੀਆਂ ਦੀ ਜਾਂ ਸ਼੍ਰਿਸ਼ਟੀ ਦੀ ਉਤਪਤੀ ਹੋਈ ਹੈ, ਇਸ ਸ਼੍ਰਿਸ਼ਟੀ ਨੂੰ ਕੰਟਰੋਲ ਕਰਨ ਲਈ ਤਿੰਨ ਦੈਵੀ ਸ਼ਕਤੀ ਵੀ ਉਤਪੰਨ ਹੋਈਆਂ ਹਨ। ਇਹਨਾਂ ਤਿੰਨਾਂ ਦੈਵੀ ਸ਼ਕਤੀਆਂ ਦਾ ਇਸ ਪੂਰੀ ਸ਼੍ਰਿਸ਼ਟੀ 'ਤੇ ਆਪਣਾ ਪੂਰਾ ਪੂਰਾ ਕੰਟਰੋਲ ਹੈ। ਇਹਨਾਂ ਤਿੰਨਾਂ ਸ਼ਕਤੀਆਂ ਵਿੱਚੋਂ ਇਕ ਸ਼ਕਤੀ ਦੁਨੀਆ ਜਾਂ ਸ਼੍ਰਿਸ਼ਟੀ ਨੂੰ ਬਣਾਉਣ ਵਾਲੀ, ਦੂਜੀ ਦੈਵੀ ਸ਼ਕਤੀ ਦੁਨੀਆ ਨੂੰ ਚਲਾਉਣ ਵਾਲੀ ਤੇ ਤੀਜੀ ਸ਼ਕਤੀ ਦੁਨੀਆ ਨੂੰ ਨਾਸ਼ ਕਰ ਕੇ ਆਪਣੇ ਵਿੱਚ ਵਾਪਸ ਲੀਨ ਕਰਨ ਵਾਲੀ ਹੈ। ਇਹ ਤਿੰਨ ਦੈਵੀ ਸ਼ਕਤੀਆਂ ਹਨ- ਬ੍ਰਹਮਾ ਦੀ, ਜੋ ਦੁਨੀਆ ਦੀ ਉਤਪਤੀ ਕਰਦੇ ਹਨ, ਦੂਜੇ ਵਿਸ਼ਨੂੰ ਜੀ, ਜੋ ਦੁਨੀਆ ਚਲਾ ਰਹੇ ਹਨ ਤੇ ਤੀਜੇ ਮਹੇਸ਼ ਜੀ ਭਾਵ ਭੋਲੇ ਨਾਥ- ਸ਼ਿਵਜੀ ਮਹਾਰਾਜ ਜੀ ਜੋ ਕਿ ਦੁਨੀਆਵੀ ਆਤਮਾਵਾਂ ਦੀ ਮੁਨਿਆਦ ਖ਼ਤਮ ਹੋਣ ਤੋਂ ਬਾਅਦ ਵਿੱਚ ਵਾਪਸ ਆਪਣੇ ਵਿੱਚ ਲੀਨ ਕਰਨ ਦਾ ਕੰਮ ਕਰਦੇ ਹਨ। ਫਿਰ ਕੋਈ ਨਾ ਕੋਈ ਨਵੀਂ ਉਤਪਤੀ ਹੁੰਦੀ ਹੈ, ਉਹ ਆਪਣੇ ਸਮੇਂ ਕਾਲ ਚਲਦੀ ਹੈ ਤੇ ਵਾਪਸ ਪ੍ਰਮਾਤਮਾਂ ਵਿੱਚ ਲੀਨ ਹੋ ਜਾਂਦੀ ਹੈ। ਅੰਗਰੇਜ਼ੀ ਦਾ ਇੱਕ ਸ਼ਬਦ - ਗਾਡ - ਅਰਥਾਤ ਪ੍ਰਭੂ ਜਾਂ ਪ੍ਰਮਾਤਮਾਂ ਤੋਂ ਲਿਆ ਜਾ ਸਕਦਾ ਹੈ। ਇਸ ਵਿਚ ਤਿੰਨ ਅੱਖਰ ਜੀ. ਓ ਤੇ ਡੀ ਆਉਂਦੇ ਹਨ। ਇਹ ਤਿੰਨ ਅੱਖਰ ਮਿਲ ਕੇ ਇੱਕ ਸ਼ਬਦ ਗਾਡ ਬਣਦਾ ਹੈ। ਜਿਸ ਦਾ ਅਰਥ ਪ੍ਰਭੂ ਭਾਵ ਪ੍ਰਮਾਤਮਾਂ ਤੋਂ ਲਿਆ ਜਾ ਸਕਦਾ ਹੈ। ਇਹ ਪਰਮ ਆਤਮਾ ਹੈ। ਭਾਵ ਕਦੇ ਨਾ ਖ਼ਤਮ ਹੋਣ ਵਾਲੀ ਹੈ, ਇਹ ਦਾ ਕੋਈ ਅੰਤ ਨਹੀਂ ਪਾਇਆ ਜਾ ਸਕਦਾ। ਇਸ ਬਾਬਤ ਇਹ ਵੀ ਕਿਹਾ ਗਿਆ ਹੈ-

**ਤੂੰ ਦਰਆਉ ਦਾਨਾ ਬੀਨਾ,**
**ਮੈਂ ਮਛਲੀ ਕੈਸੇ ਅੰਤ ਲਹਾ।**

ਭਾਵ ਪ੍ਰਮਾਤਮਾ ਇੱਕ ਵਿਸ਼ਾਲ ਸਮੁੰਦਰ ਵਾਂਗ ਹੈ ਜਿਸ ਦਾ ਕੋਈ ਅੰਤ ਜਾਂ ਪਾਰਾ ਬਾਰਾ ਨਹੀਂ ਹੈ ਤੇ ਮਨੁੱਖੀ ਜੀਵ ਇਸ ਵਿੱਚ ਇੱਕ ਮਛਲੀ ਦੀ ਭਾਂਤੀ ਹੈ ਜੋ ਇਸ ਦਾ ਅੰਤ ਨਹੀਂ ਪਾ ਸਕਦੀ ਹੈ ਕਿ ਇਹ ਕਿੰਨਾ ਵਿਸ਼ਾਲ ਹੈ. ਵੈਸੇ ਤਾਂ ਹਰ ਇੱਕ ਸ਼ਕਤੀ ਦਾ ਇੱਕ ਆਪਣਾ ਮਹੱਤਵ ਹੈ ਪ੍ਰੰਤੂ ਇਸ ਵਿੱਚੋਂ ਜੋ ਇੱਕ ਪ੍ਰਮੁੱਖ ਸ਼ਕਤੀ ਹੈ, ਉਹ ਹੈ ਮਹੇਸ਼ ਜੀ, ਭਾਵ ਸ਼ਿਵ ਭੋਲੇ ਨਾਥ ਜੀ। ਭੋਲੇ ਨਾਥ ਅਰਥਾਤ ਸ਼ਿਵ ਜੀ ਮਹਾਰਾਜ ਜਿਨ੍ਹਾਂ ਨੂੰ ਕਈ ਹੋਰ ਵੀ ਬਹੁਤ ਸਾਰੇ ਨਾਵਾਂ ਨਾਲ ਜਾਣਿਆ

ਜਾਂਦਾ ਹੈ, ਨਾਲ ਸਬੰਧਤ ਮਹਾ ਸ਼ਿਵਰਾਤਰੀ ਦਾ ਇੱਕ ਪੁਰਵ ਬੜੀ ਹੀ ਸ਼ਰਧਾ ਪੂਰਵਕ ਤੇ ਜ਼ੋਸ਼ੋ-ਖ਼ਰੋਸ਼ ਨਾਲ ਪੂਰੀ ਦੁਨੀਆ ਵਿੱਚ ਮਨਾਇਆ ਜਾਂਦਾ ਹੈ। ਇਸ ਦਿਨ ਸ਼ਿਵ ਭਗਤਾਂ ਦੀ ਖ਼ੁਸ਼ੀ ਦਾ ਤਾਂ ਕੋਈ ਠਿਕਾਣਾ ਹੀ ਨਹੀਂ ਹੁੰਦਾ। ਇਸ ਮਹਾ ਸ਼ਿਵਰਾਤਰੀ ਦੇ ਉਤਸਵ ਦੀ ਖ਼ੁਸ਼ੀ ਦੇ ਮੌਕੇ 'ਤੇ ਸ਼ਿਵ ਲਿੰਗ ਦੀ ਪੂਜਾ ਕੀਤੀ ਜਾਂਦੀ ਹੈ।। ਫੁੱਲ ਅਤੇ ਫ਼ਲ ਆਦਿ ਦਾ ਚੜ੍ਹਾਵਾ ਚੜਾਇਆ ਜਾਂਦਾ ਹੈ। ਲੋਕ ਰਾਤ ਭਰ ਜਾਗ ਦੇ ਖ਼ੁਸ਼ੀ ਮਨਾਉਂਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਇਹ ਮਹਾ ਸ਼ਿਵਰਾਤਰੀ ਦਾ ਉਤਸਵ ਉਸ ਰਾਤ ਵੱਲ ਇਸ਼ਾਰਾ ਕਰਦਾ ਹੈ, ਜਦ ਸ਼ਿਵਜੀ ਮਹਾਰਾਜ ਨੇ ਤਾਂਡਵ ਕੀਤਾ ਸੀ। ਇਹ ਵੀ ਮੰਨਿਆ ਗਿਆ ਹੈ ਕਿ ਇਸ ਦਿਨ ਭਗਵਾਨ ਸ਼ਿਵ ਜੀ ਮਹਾਰਾਜ ਜੀ ਦਾ ਵਿਆਹ ਮਾਤਾ ਪਾਰਵਤੀ ਜੀ ਨਾਲ ਹੋਇਆ ਸੀ। ਮਹਾ ਸ਼ਿਵਰਾਤਰੀ ਦਾ ਇਹ ਉਤਸਵ ਹਰ ਸਾਲ ਫਰਵਰੀ ਦੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ। ਮਹਾ ਸ਼ਿਵਰਾਤਰੀ ਦਾ ਉਤਸਵ ਮਨਾਏ ਜਾਣ ਨਾਲ ਇੱਕ ਪੌਰਾਣਿਕ ਕਥਾ ਵੀ ਜੁੜੀ ਹੈ। ਮੰਨਿਆ ਜਾਂਦਾ ਹੈ ਕਿ ਜਦ ਸਮੁੰਦਰ ਮੰਥਨ ਕੀਤਾ ਗਿਆ ਸੀ ਤਾਂ ਉਸ ਮੰਥਨ ਵਿੱਚੋਂ ਇੱਕ ਜ਼ਹਿਰ ਦਾ ਪਿਆਲਾ ਨਿਕਲਿਆ ਸੀ, ਜਿਸ ਦਾ, ਡਰ ਸੀ ਕਿ ਇਹ ਪੂਰੀ ਦੁਨੀਆ ਨੂੰ ਨਸ਼ਟ ਕਰ ਦੇਵੇਗਾ।। ਸਾਰੇ ਦੇਵੀ ਦੇਵਤਾ ਤੇ ਰਾਖ਼ਸ਼ਸ਼ਾਂ ਨੂੰ ਇਹ ਡਰ ਸਤਾਉਣ ਲੱਗਾ। ਸਾਰੇ ਸ਼ਿਵਜੀ ਮਹਾਰਾਜ ਕੋਲ ਮਦਦ ਵਾਸਤੇ ਗਏ ਤੇ ਸ਼ਿਵਜੀ ਮਹਾਰਾਜ ਜੀ ਨੇ ਉਹ ਸਾਰਾ ਜ਼ਹਿਰ ਪੀ ਲਿਆ ਤੇ ਉਸ ਜ਼ਹਿਰ ਨੂੰ ਆਪਣੇ ਗਲੇ ਵਿੱਚ ਉਤਾਰ ਲਿਆ। ਜਿਸ ਨਾਲ ਉਨ੍ਹਾਂ ਦਾ ਸਾਰਾ ਗਲਾ ਨੀਲਾ ਪੈ ਗਿਆ।।



ਜਿਸ ਕਰ ਕੇ ਉਨ੍ਹਾਂ ਦਾ ਨਾਮ ਨੀਲ ਕੰਠ ਵੀ ਪੈ ਗਿਆ ਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਸਾਰੀ ਦੁਨੀਆ ਨੂੰ ਨਸ਼ਟ ਹੋਣ ਤੋਂ ਬਚਾ ਲਿਆ। ਜਿਸ ਦੀ ਖ਼ੁਸ਼ੀ ਵਿੱਚ ਇਹ ਮਹਾ ਸ਼ਿਵਰਾਤਰੀ ਦਾ ਤਿਉਹਾਰ ਮਨਾਇਆ ਜਾਣ ਲੱਗਾ। ਸ਼ਿਵ ਪੌਰਾਣ ਅਨੁਸਾਰ ਇੱਕ ਹੋਰ ਕਥਾ ਵਿੱਚ ਤਿੰਨ ਸ਼ਕਤੀਆਂ ਵਿੱਚੋਂ ਦੋ ਸ਼ਕਤੀਆਂ (ਬ੍ਰਹਮਾ ਤੇ ਵਿਸ਼ਨੂੰ) ਆਪਸ ਵਿੱਚ ਇਹ ਜਾਣਨ ਲਈ ਲੜ੍ਹ ਪਈਆਂ ਕਿ ਉਨ੍ਹਾਂ ਵਿੱਚੋਂ ਕੌਣ ਬਲਸ਼ਾਲੀ ਹੈ। ਇਹ ਲੜਾਈ ਕਿਤੇ ਜ਼ਿਆਦਾ ਭਿਆਨਕ ਰੂਪ ਨਾ ਧਾਰ ਕਰ ਲਵੇ ਇਸ ਲਈ ਇਨ੍ਹਾਂ ਵਿੱਚੋਂ ਇੱਕ ਨੇ ਸ਼ਿਵਜੀ ਭੋਲੇ ਨਾਥ ਮਹਾਰਾਜ ਜੀ ਤੋਂ ਇਸ ਗੱਲ ਦਾ ਨਿਪਟਾਰਾ ਕਰਨ ਲਈ ਕਿਹਾ। ਭੋਲੇ ਨਾਥ ਜੀ ਨੇ ਉਨ੍ਹਾਂ ਦੀ ਇਸ ਵਿਅਰਥ ਦੀ ਲੜਾਈ ਨੂੰ ਦੂਰ ਕੀਤਾ।। ਇਸ ਕਰਕੇ ਵੀ ਸਿਵਰਾਤਰੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹਿੰਦੂ ਪਰੰਪਰਾ ਅਨੁਸਾਰ ਸਿਵਜੀ ਮਹਾਰਾਜ ਜੀ ਨੂੰ 108 ਨਾਵਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਜਿਨ੍ਹਾਂ ਵਿੱਚ ਭੋਲੇ ਨਾਥ, ਭੋਲੇ ਭੰਡਾਰੀ, ਗਿਰਜ਼ਾ ਪਤੀ, ਕੈਲਾਸ਼ ਪਤੀ ਜਾਂ ਕੈਲਾਸ਼ ਨਾਥ, ਮਹਾਂਦੇਵ, ਮਹੇਸ਼, ਨਟਰਾਜ, ਰੁਦਰਾ, ਸ਼ੰਭੂ, ਸ਼ੰਕਰ, ਤ੍ਰਿਲੋਕ ਪਤੀ ਆਦਿ ਸ਼ਾਮਿਲ ਹਨ। ਸ਼ਿਵਰਾਤਰੀ ਨਾਲ ਸਬੰਧਿਤ ਬਹੁਤ ਸਾਰੇ ਭਜਨ ਵੀ ਪ੍ਰਚਲਿਤ ਹਨ, ਜੋ ਕਿ ਸ਼ਿਵਰਾਤਰੀ ਉਤਸਵ ਦੇ ਮੌਕੇ 'ਤੇ ਗਾਏ ਤੇ ਸੁਣੇ ਜਾਂਦੇ ਹਨ। ਇਸ ਮਹਾ ਸ਼ਿਵਰਾਤਰੀ ਦੇ ਉਤਸਵ ਦਾ ਹਿੰਦੂਆਂ ਵਿੱਚ ਬਹੁਤ ਮਹੱਤਵ ਹੈ। ਸ਼ਿਵ ਭਗਤ ਇਸ ਦਿਨ ਬਹੁਤ ਖ਼ੁਸ਼ ਹੁੰਦੇ ਹਨ ਤੇ ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਜੀਵ ਪੁਰਸ਼ ਇਸ ਦਿਨ ਸ਼ਿਵਜੀ ਮਹਾਰਾਜ ਦੀ ਪੂਜਾ ਅਰਾਧਨਾ ਮਨ ਲਗਾ ਕੇ ਕਰਦਾ ਹੈ ਉਨ੍ਹਾਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਮੁਕਤੀ ਮਿਲ ਜਾਂਦੀ ਹੈ ਤੇ ਉਨ੍ਹਾਂ ਨੂੰ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਮਹਾ ਸ਼ਿਵਰਾਤਰੀ ਦੇ ਮੌਕੇ 'ਤੇ ਸ਼ਿਵ ਭਗਤ ਸ਼ਿਵਜੀ ਮਹਾਰਾਜ ਦੀ ਦਿਨ ਰਾਤ ਪੂਜਾ ਅਰਾਧਨਾ ਕਰਦੇ ਹਨ ਤੇ ਸ਼ਿਵਜੀ ਮਹਾਰਾਜ ਜੀ ਦੇ ਸ਼ਿਵ ਲਿੰਗ ਨੂੰ ਦੁੱਧ, ਸ਼ਹਿਦ ਤੇ ਸਾਫ਼ ਪਾਣੀ ਆਦਿ ਨਾਲ ਇਸ਼ਨਾਨ ਵੀ ਕਰਾਇਆ ਜਾਂਦਾ ਹੈ।

ਉੱਤਰ ਪ੍ਰਦੇਸ਼ ਵਿੱਚ ਸ਼ਿਵਰਾਤਰੀ ਦਾ ਸਭ ਤੋਂ ਵੱਡਾ ਮੇਲਾ ਲੱਗਦਾ ਹੈ। ਗੁਰਦਾਸਪੁਰ ਜ਼ਿਲ੍ਹੇ ਦੇ ਕਸਬੇ ਕਲਾਨੌਰ ਵਿੱਚ ਵੀ ਸ਼ਿਵਰਾਤਰੀ ਬਹੁਤ ਹੀ ਧੂਮਧਾਮ ਨਾਲ ਮਨਾਈ ਜਾਂਦੀ ਹੈ। ਇਸ ਸਥਾਨ 'ਤੇ ਦੁਨੀਆ ਦਾ ਇਕੋ-ਇਕ ਸ਼ਿਵਲਿੰਗ ਹੈ ਜੋ ਲੇਟੀ ਹੋਈ ਅਵਸਥਾ ਵਿੱਚ ਹੈ ਜਦੋਂ ਕਿ ਸ਼ਿਵਲਿੰਗ ਹਮੇਸ਼ਾ ਹੀ ਖੜੀ ਅਵਸਥਾ ਵਿੱਚ ਹੁੰਦਾ ਹੈ। ਕਲਾਨੌਰ, ਗੁਰਦਾਸਪੁਰ ਡੇਰਾ ਬਾਬਾ ਨਾਨਕ ਸੜ੍ਹਕ 'ਤੇ ਗੁਰਦਾਸਪੁਰ ਤੋਂ 26 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਕਲਾਨੌਰ ਦੇ ਸ਼ਿਵ ਮੰਦਿਰ ਵਿੱਚ ਭਗਵਾਨ ਸ਼ਿਵ ਦੀ ਸਥਾਪਨਾ ਨਹੀ ਕੀਤੀ ਗਈ, ਸਗੋਂ ਭਗਵਾਨ ਸ਼ਿਵ ਆਪ ਪ੍ਰਗਟ ਹੋਏ ਸਨ। ਇਸ ਸ਼ਿਵ ਮੰਦਿਰ ਦਾ ਨਿਰਮਾਣ ਰਾਜਾ ਅਕਬਰ ਨੇ ਕਰਵਾਇਆ ਸੀ। ਇੱਕ ਵਾਰ ਅਕਬਰ ਦੀਆਂ ਫੌਜਾਂ ਨੇ ਕਲਾਨੌਰ ਵਿੱਚ ਇੱਕ ਸੁਨਸਾਨ ਜਗ੍ਹਾ ਤੇ ਡੇਰਾ ਲਗਾਇਆ ਹੋਇਆ ਸੀ ਤੇ ਆਪਣੇ ਘੋੜੇ ਵੀ ਇੱਥੇ ਖੜ੍ਹੇ ਕੀਤੇ ਹੋਏ ਸਨ। ਜਿਹੜਾ ਵੀ ਘੋੜਾ ਇਸ ਜਗ੍ਹਾ ਦੇ ਉੱਪਰ ਦੀ ਲੰਘਦਾ, ਲੰਗੜਾ ਹੋ ਜਾਂਦਾ। ਜਦੋਂ ਇਸ ਜਗ੍ਹਾ ਨੂੰ 5-7 ਫੁੱਟ ਥੱਲੇ ਤੋਂ ਖੁਦਵਾਇਆ ਗਿਆ ਤਾਂ ਥੱਲਿਉ ਭਗਵਾਨ ਸ਼ਿਵਜੀ ਦਾ ਪੁਰਾਣਾ ਸ਼ਿਵਲਿੰਗ ਨਿਕਲਿਆ। ਇਸ ਤਰ੍ਹਾਂ ਰਾਜਾ ਅਕਬਰ ਦੇ ਹੁਕਮ ਨਾਲ ਇਸ ਮੰਦਿਰ ਦਾ ਨਿਰਮਾਣ ਕੀਤਾ ਗਿਆ।

ਸਿਵਲਿੰਗ ਕਿਵੇ ਪ੍ਰਗਟ ਹੋਇਆਓ ਇਸ ਬਾਰੇ ਪ੍ਰਚੱਲਿਤ ਹੈ ਕਿ ਲੰਕਾ ਦੇ ਰਾਜੇ ਰਾਵਣ ਨੇ ਸ਼ਿਵਜੀ ਦੀ ਭਗਤੀ ਕਰਕੇ ਉਹਨਾਂ ਨੂੰ ਪ੍ਰਸੰਨ ਕਰ ਲਿਆ ਤੇ ਉਹਨਾਂ ਨੂੰ ਲੰਕਾ ਵਿੱਚ ਆਉਣ ਲਈ ਕਿਹਾ। ਸ਼ਿਵਜੀ ਨੇ ਕਿਹਾ ਕਿ ਉਹ ਲੰਕਾ ਜਾ ਸਕਦੇ ਹਨ ਜੇਕਰ ਉਹ ਉਹਨਾਂ ਨੂੰ ਨੰਗੇ ਪੈਰੀਂ ਆਪਣੇ ਮੋਢਿਆਂ 'ਤੇ ਚੁੱਕ ਕੇ ਲੈ ਜਾਵੇ। ਜੇ ਰਸਤੇ ਵਿੱਚ ਕਿਸੇ ਜਗ੍ਹਾ ਬਿਠਾਇਆ ਤਾਂ ਉਹ ਉੱਥੇ ਹੀ ਸਥਾਪਿਤ ਹੋ ਜਾਣਗੇ। ਜਦੋ ਰਾਵਣ ਸ਼ਿਵਜੀ ਨੂੰ ਲੈ ਕੇ ਚੱਲਿਆ ਤਾਂ ਜਿੱਥੇ ਮੰਦਿਰ ਬਣਿਆ ਹੈ, ਉੱਥੇ ਸ਼ਿਵਜੀ ਨੇ ਰਾਵਣ ਨੂੰ ਆਪਣੀ ਮਾਇਆ ਨਾਲ ਪ੍ਰੇਰਿਤ ਕੀਤਾ ਤੇ ਇੱਕ ਬ੍ਰਾਹਮਣ ਨੂੰ ਪ੍ਰਗਟ ਕਰ ਦਿੱਤਾ।। ਰਾਵਣ ਨੇ ਉਸ ਬ੍ਰਾਹਮਣ ਨੂੰ ਕਿਹਾ ਕਿ ਤੁਸੀ ਸ਼ਿਵਲਿੰਗ ਨੂੰ ਉਠਾ ਲਉ, ਜਦੋ ਤੱਕ ਮੈ ਵਾਪਿਸ ਨਹੀ ਆ ਜਾਂਦਾ। ...ਜਦੋ ਰਾਵਣ ਸ਼ਿਵਜੀ ਨੂੰ ਬ੍ਰਾਹਮਣ ਦੇ ਮੋਢਿਆਂ 'ਤੇ ਬਿਠਾ ਕੇ ਚਲਾ ਗਿਆ ਤਾਂ ਸ਼ਿਵਜੀ ਨੇ ਆਪਣੀ ਮਾਇਆ ਨਾਲ ਆਪਣਾ ਭਾਰ ਵਧਾ ਦਿੱਤਾ ਜਿਸ ਕਾਰਨ ਬ੍ਰਾਹਮਣ ਨੇ ਸ਼ਿਵਜੀ ਨੂੰ ਉਸ ਜਗ੍ਹਾ ਬਿਠਾ ਦਿੱਤਾ। ਜਦੋ ਰਾਵਣ ਵਾਪਿਸ ਆਇਆ ਤਾਂ ਉਸਨੇ ਸਿਵਜੀ ਨੂੰ ਉਠਾਉਣਾ ਚਾਹਿਆ ਤਾਂ ਸ਼ਿਵਜੀ ਨੇ ਕਿਹਾ ਕਿ ਸ਼ਰਤ ਦੇ ਅਨੁਸਾਰ ਹੁਣ ਮੈ ਇਸ ਜਗ੍ਹਾ ਹੀ ਰਹਾਂਗਾ ਕਿਉਕਿ ਤੁਸੀ ਮੈਨੂੰ ਜਮੀਨ 'ਤੇ ਬਿਠਾ ਦਿੱਤਾ ਹੈ। ਇਸ ਤਰ੍ਹਾਂ ਉਸ ਜਗ੍ਹਾ ਅੱਜ ਸਿਵਜੀ ਦਾ ਸ਼ਿਵ ਮੰਦਿਰ ਬਣਿਆ ਹੋਇਆ ਹੈ। ਲੋਕਾਂ ਦੀ ਮੰਨਣਾ ਹੈ ਕਿ ਇਕ ਸ਼ਿਵਰਾਤਰੀ ਤੋਂ ਦੂਸਰੀ ਸ਼ਿਵਰਾਤਰੀ ਤੱਕ ਭਗਤਾਂ ਦੀ ਮਨੋਕਾਮਨਾ ਪੂਰੀ ਹੋ ਜਾਂਦੀ ਹੈ। ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਮਹਾ ਸ਼ਿਵਰਾਤਰੀ ਦਾ ਉਤਸਵ ਸ਼ਿਵ ਜੀ ਮਹਾਰਾਜ ਦੀ ਪੂਜਾ ਅਰਚਨਾ ਨਾਲ ਸੰਬੰਧਿਤ ਇੱਕ ਉਤਸਵ ਹੈ। ਸ਼ਿਵ ਭੋਲੇ ਨਾਥ ਜੀ ਨੂੰ ਕਸ਼ਟ ਨਿਵਾਰਕ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਧਾਰਨਾ ਹੈ ਕਿ ਇਸ ਮਹਾਂ-ਸ਼ਿਵਰਾਤਰੀ ਦੇ ਉਤਸਵ ਮੌਕੇ ਜਿਹੜਾ ਵੀ ਭਗਤ ਸੱਚੇ ਦਿਲੋਂ ਸ਼ਿਵ ਮਹਾਰਾਜ ਜੀ ਦੀ ਪੂਜਾ-ਅਰਚਨਾ ਕਰਦਾ ਹੈ। ਉਸਨੂੰ ਉਸਦੇ ਕੀਤੇ ਹੋਏ ਪਾਪਾਂ ਤੋਂ ਮੁਕਤੀ ਮਿਲਦੀ ਹੈ ਤੇ ਉਸਨੂੰ ਮੋਕਸ਼ ਦੀ ਅਵਸਥਾ ਪ੍ਰਾਪਤ ਹੁੰਦੀ ਹੈ।




TSM GALLERY

High quality artwork for your home or business, religious or public places.
We specialize in all kind of wallpaper installation.

Mehndi(henna) , Jagua , Airbrush Body Art, Temporary Tattoo.
Learn in your spare time ,
Earn extra income gain friends
Training available .

Tejpal Singh Mann (Artist)
778-885-2197
9353 120st Delta BC (By Appointment)
www.tsmgallery.ca | www.jollyarts.ca







# ROHITA PANNU LAW CORPORATION

## BARRISTER & SOLICITOR




## SERVICES

- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

# Ph: 604.589.1399

**Fax : 604.589.1556** **www.rohitapannulaw.com**

**2 Locations to Serve You**

**# 102-9278, 120th Street, Surrey, BC V3V 4W8**

**6303 Fraser Street, Vancouver BC**



Rajan MANGOES
ARE HERE!
available only at
fruiticana
SINCE 1994
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$10.98 BOX
Long English Cucumbers
ਲੰਬੇ ਇੰਗਲਿਸ਼ ਖੀਰੇ
2 for 99¢
Green Beans
ਹਰੀਆਂ ਫਲੀਆਂ
$1.49 lb
Long Eggplants
ਲੰਬੇ ਬਤਾਊਂ
$1.48 lb
Green Cabbage
ਹਰੀ ਬੰਦ ਗੋਭੀ
49¢ lb
Daikon
ਮੂਲੀ
88¢ lb
Britannia Punjabi Biscuits 620 g
ਬ੍ਰਿਟੈਨੀਆ ਪੰਜਾਬੀ ਬਿਸਕੁਟ
$3.99 pkg.
Golden Temple Flour 20 lbs
ਗੋਲਡਨ ਟੈਂਪਲ ਆਟਾ
$9.98 bag
Extra Super Super Special
Roma Tomatoes
ਟਮਾਟਰ ਰੋਮਾ
58¢ lb
Extra Super Super Special
Cilantro
ਧਨੀਆ
3 bunches for 99¢
Super Special
Spinach
ਪਾਲਕ
2 bunches for $1.59
Super Special
Yellow Onions 50 lbs
ਪੀਲੇ ਗੰਢੇ
$8.99 bag
Super Special
Almonds
ਬਦਾਮ
$3.98 lb
Super Special
Red Onions 25 lbs
ਲਾਲ ਗੰਢੇ
$7.99 bag
Super Special
Fresh Ginger
ਤਾਜ਼ਾ ਅਦਰਕ
$1.59 lb
Super Special
Indican Punjabi Cane White Sugar 8 lbs
ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ
$3.99 bag
Reg. Large Eggplants
ਵੱਡੇ ਬਤਾਊਂ
2 for $1.50
Red Delicious Apples US #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Russet Potatoes Snoboy USA #1 10 lbs
ਆਲੂ ਰਸਟ ਸਨੋਬੁਆਏ ਯੂ.ਐਸ.ਏ #੧
$2.99 bag
Large Seedless Oranges
ਵੱਡੇ ਸੰਤਰੇ (ਬਿਨਾਂ ਬੀਜ ਤੋਂ)
88¢ lb
Gala Apples USA #1
ਗਾਲਾ ਸੇਬ ਯੂ.ਐਸ.ਏ #੧
98¢ lb
Indican Basmati Rice 8 lbs
ਇੰਡੀਕੇਨ ਬਾਸਮਤੀ ਚੌਲ
$6.98 bag
Indican Chickpeas Red Lentil Whole 4 lbs
ਇੰਡੀਕੇਨ ਚਿੱਟੇ ਛੋਲੇ ਮਸਰਾਂ ਦੀ ਸਾਬਤ ਦਾਲ
$2.49 bag
Green Cardamom (Elaichi) IBG
ਹਰੀ ਇਲਾਇਚੀ (ਆਈ.ਬੀ.ਜੀ)
$26.99 lb
Bhogpur Moti Cane Sugar 100% Vegetarian 15 lbs
ਭੋਗਪੁਰ ਮੋਟੀ ੧੦੦% ਵੈਜੀਟੇਰੀਅਨ ਗੰਨੇ ਦੀ ਖੰਡ
$8.98 bag
Indican Punjabi Cookies 2.2 lbs
ਇੰਡੀਕੇਨ ਪੰਜਾਬੀ ਬਿਸਕੁਟ
$4.99 pkg.
Indican Brown Sugar 8 lbs
ਇੰਡੀਕੇਨ ਭੂਰੀ ਖੰਡ
$4.98 bag
KTC Pomace Olive Oil 3L
ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ
$9.98 ea.
Product images may differ from the actual product.
Fri Mar 05, 2021 - Wed Mar 10, 2021
We reserve the right to limit the quantities while they last
fruiticana SINCE 1994
Head Office: 7676 Anvil Way, Surrey
604-502-0005
www.fruiticana.com
BUSINESS HOURS
9 AM - 8 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. -------------- 604-575-3750
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. --------------- 604-321-9931
Richmond-------- 4101 No.5 Rd. ----------------- 604-244-9520